
1920 ਤੋਂ

ਜਿਲਦ 104
ਨੰਬਰ 13,14

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧੭ ਸਾਵਣ ਤੋਂ ੧੬ ਭਾਦਰੋਂ ੨੦੮੧ ਬਿ.
1 to 31 August 2024

# ਸਤਿਜੁਗ



10/-

# ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ














# ਸਤਿਜੁਗ

੧੭ ਸਾਵਣ ਤੋਂ ੧੬ ਭਾਦਰੋਂ ੨੦੮੧ ਬਿ.
1 ਤੋਂ 31 ਅਗਸਤ 2024 ਈ.
ਜਿਲਦ 104, ਨੰਬਰ 13,14

ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ

*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*

# ਤਤਕਰਾ

* ਸੰਪਾਦਕੀ........................................................4
* ਗੁਰਬਾਣੀ ਵਿਆਖਿਆ...........................................6
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ.........................8
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.........................8
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.............................9
* ਚੜ੍ਹਿਆ ਸੋਧਣਿ ਧਰਤਿ ਲੁਕਾਈ
  ਗੁਰਲਾਲ ਸਿੰਘ.....................................10
* ਸਿੱਖ ਜਰਨੈਲ ਬੰਦਾ ਸਿੰਘ ਬਹਾਦੁਰ ਦੀ ਸਮਾਣੇ ਦੀ ਮੁਹਿੰਮ
  ਕਮੋਡੋਰ ਗੁਰਨਾਮ ਸਿੰਘ..............................13
* ਮਹਾਰਾਣੀ ਜਿੰਦ ਕੌਰ
  ਸੁਖਦਿਆਲ ਸਿੰਘ...................................17
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................26
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ...........................29
* Evening routine for an Amazing Morning!
  Harneet Singh Kharbanda..............................32
* Namdhari Bhai Gunvinder Singh Ji's Journey to receiving Padma Shri....................................................33
* ਕਾਵਿ-ਕਿਆਰੀ...............................................36
* ਸੁੱਚੇ-ਮੋਤੀ.................................................39
* ਖ਼ਬਰਨਾਮਾ....................................................40

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਮਨੁੱਖੀ ਜਾਤੀ ਨਾਲ ਪ੍ਰਵਾਸ ਆਦਿ ਕਾਲ ਤੋਂ ਜੁੜਿਆ ਆ ਰਿਹਾ ਹੈ। ਮਨੁੱਖੀ ਨਸਲ ਆਪਣੀ ਸੁਰੱਖਿਆ ਭੋਜਨ ਪਾਣੀ ਵਰਗੀਆਂ ਮੂਲ ਲੋੜਾਂ ਵਾਸਤੇ ਅਤੇ ਨਵੀਆਂ ਥਾਵਾਂ ਭਾਲਣ ਲਈ ਇੱਕ ਥਾਂ ਤੋਂ ਦੂਜੀ ਥਾਂ ਫਿਰਦੀ ਰਹੀ ਹੈ। ਇਸ ਪ੍ਰਵਾਸ ਕਾਰਨ ਹੀ ਦੁਨੀਆ ਵਿੱਚ ਵੱਖ ਵੱਖ ਦੇਸ਼, ਸ਼ਹਿਰ, ਨਗਰ ਹੋਂਦ ਵਿੱਚ ਆਏ ।ਨਵੀਆਂ ਸੱਭਿਅਤਾਵਾਂ ਦਾ ਉਥਾਨ ਹੋਇਆ। ਗੁਰੂ ਨਾਨਕ ਦੇਵ ਜੀ ਦੇ ਬੋਲ 'ਉਜੜ ਜਾਓ' ਉਹਨਾਂ ਲੋਕਾਂ ਵਾਸਤੇ ਸੀ ਜੋ ਸੁਭਾਅ ਅਤੇ ਵਿਹਾਰਕ ਪੱਖੋਂ ਖੁਸ਼ ਮਿਜਾਜ, ਸੇਵਾ ਬਿਰਤੀ ਵਾਲੇ ਅਤੇ ਮਿਹਨਤੀ ਸਨ ਤਾਂ ਕਿ ਸਾਰੀ ਧਰਤੀ ਹੀ ਐਸੇ ਲੋਕਾਂ ਨਾਲ ਭਰੀ ਹੋਵੇ।

ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਦੀ ਧਰਤੀ ਤੋਂ ਵਿਸਫੋਟਕ ਰੂਪ ਵਿੱਚ ਪ੍ਰਵਾਸ ਹੋਇਆ ਹੈ। ਇਹ ਪ੍ਰਵਾਸ ਨੂੰ ਅਸੀਂ ਦੋ ਮੁੱਖ ਵਰਗਾਂ ਵਿੱਚ ਰੱਖ ਸਕਦੇ ਹਾਂ। ਇੱਕ ਪੜ੍ਹਾਈ ਦੇ ਨਾਮ ਤੇ ਦੂਜਾ ਰੁਜ਼ਗਾਰ ਦੀ ਭਾਲ ਲਈ ਭਾਵੇਂ ਇਹ ਦੋਵੇਂ ਵਰਗ

ਆਪਸ ਵਿੱਚ ਜੁੜੇ ਹੋਏ ਹਨ ਫਿਰ ਵੀ ਅਸੀਂ ਸਟੱਡੀ ਕਰਨ ਲਈ ਦੇਖਦੇ ਹਾਂ ਵੱਡੀ ਗਿਣਤੀ ਵਿੱਚ ਸਾਡੀ ਨੌਜਵਾਨ ਪੀੜੀ ਵਿਦੇਸ਼ਾ 'ਚ ਪੜ੍ਹਨ ਗਈ ਹੈ ਜਿੰਨਾ ਵਿੱਚੋਂ ਬਹੁਤੇ ਉਥੇ ਹੀ ਪੱਕੇ ਤੌਰ ਤੇ ਵੱਸ ਚੁੱਕੇ ਹਨ ਜਾਂ ਆਉਣ ਵਾਲੇ ਸਮੇਂ ਵਿੱਚ ਵੱਸ ਜਾਣਗੇ। ਪੜ੍ਹਾਈ ਲਈ ਜਿਹਨਾਂ ਦੇਸ਼ਾਂ ਵਿੱਚ ਵੱਧ ਨੌਜਵਾਨ ਗਿਆ ਹੈ, ਉਹ ਹਨ ਕੈਨੇਡਾ, ਇੰਗਲੈਂਡ, ਆਸਟਰੇਲੀਆ ਮੈਂ ਇੱਥੇ ਕੈਨੇਡਾ ਦੀ ਗੱਲ ਕਰਾਂਗਾ ਜਿੱਥੇ ਸਭ ਤੋਂ ਵੱਧ ਪੰਜਾਬੀ ਪਿਛਲੇ ਦਾਹਾਕੇ ਤੋਂ ਗਿਆ ਹੈ। ਕੈਨੇਡਾ ਦੇ ਕੁਛ ਸ਼ਹਿਰ ਪੰਜਾਬੀ ਵਸੋਂ ਨਾਲ ਭਰੇ ਪਏ ਹਨ। 20ਵੀਂ ਸਦੀ ਦੇ ਆਰੰਭ ਵਿੱਚ ਪੰਜਾਬੀਆਂ ਦੀ ਕਨੇਡਾ ਵੱਲ ਰੁੱਖ ਕੀਤਾ ਸੀ।

ਸਭ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਵਿੱਚ ਮਿਹਨਤੀ ਪੰਜਾਬੀਆਂ ਨੇ ਲੱਕੜ ਕੱਟਣ ਵਾਲੀਆਂ ਮਿੱਲਾਂ ਖੇਤੀਬਾੜੀ ਅਤੇ ਰੇਲਵੇ ਕੰਸਟਰਕਸ਼ਨ ਵਿੱਚ ਨੌਕਰੀਆਂ ਕੀਤੀਆਂ ਬਹੁਤੇ ਪੰਜਾਬੀ ਸਿਪਾਹੀਆਂ ਦੇ ਰੂਪ ਵਿੱਚ ਵੀ ਸਫਰ ਕਰਕੇ ਆਏ ਸਨ ਜੋ ਬਰਤਾਨਵੀ ਫੌਜ ਦੇ ਮੁਲਾਜ਼ਮ ਸਨ। ਅੱਜ ਜਦੋਂ ਇਸ ਦੇਸ਼ ਵੱਲ ਹੋ ਰਹੇ ਪ੍ਰਵਾਸ ਨੂੰ 100 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਤਾਂ ਹਾਲਾਤ ਇਹ ਹਨ ਕਿ ਪੰਜਾਬੀ ਭਾਈਚਾਰੇ ਦੇ ਹਰ ਬੰਦੇ ਦੀ ਇਸ ਦੇਸ਼ ਨਾਲ ਇੱਕ ਕੜੀ ਜੁੜ ਚੁੱਕੀ ਹੈ। ਭੈਣ-ਭਰਾ, ਚਾਚਾ-ਤਾਇਆ ਜਾਂ ਭੂਆ ਮਾਮੇ ਦਾ ਪੁੱਤ ਭਰਾ ਇਸ ਦੇਸ਼ ਵਿੱਚ ਜਰੂਰ ਪੱਕੇ ਤੌਰ ਤੇ ਵੱਸ ਚੁੱਕਿਆ ਹੈ। ਕਰੋਨਾ ਕਾਲ ਤੋਂ ਬਾਅਦ ਯੂਕਰੇਨ ਅਤੇ ਰੂਸ ਦੀ ਲੜਾਈ ਨੇ ਕੈਨੇਡਾ ਦੀ ਆਰਥਿਕ ਹਾਲਤ ਉੱਤੇ ਵੱਡੀ ਸੱਟ ਮਾਰੀ ਹੈ। ਜਿਸ ਕਾਰਨ ਲਗਜ਼ਰੀ ਜੀਵਨ ਦੇ ਸੁਪਨੇ ਲੈ ਕੇ ਗਏ ਨੌਜਵਾਨ ਨਿਰਾਸ਼ ਵੀ ਵਿਖਾਈ ਦੇ ਰਹੇ ਹਨ। ਪਿਛਲੇ ਸਮੇਂ ਤੋਂ ਘਰ ਬਹੁਤ ਮਹਿੰਗੇ ਹੋ ਗਏ ਹਨ। ਕਈ ਨੌਜਵਾਨਾਂ ਨੂੰ ਆਪਣਾ ਘਰ ਲੈਣ ਦਾ ਸੁਪਨਾ ਟੁੱਟਦਾ ਨਜ਼ਰ ਆ ਰਿਹਾ ਹੈ। ਕੈਨੇਡਾ ਸਰਕਾਰ ਇਨ੍ਹਾਂ ਅਸਮਾਨ ਛੂਹ ਰਹੀਆਂ ਕੀਮਤਾਂ ਸਾਮ੍ਹਣੇ ਬੇਵੱਸ ਨਜ਼ਰ ਆਈ ਹੈ। ਨਸ਼ੇ ਦਾ ਮੁੱਦਾ ਵੀ ਪੰਜਾਬੀ ਭਾਈਚਾਰੇ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ । ਛੋਟੀ ਉਮਰ ਦੇ ਬੱਚੇ ਇਸ ਚੁੰਗਲ ਵਿਚ ਫਸ ਰਹੇ ਹਨ। ਇਨ੍ਹਾਂ ਸਮੱਸਿਆਵਾਂ ਦੇ ਹੁੰਦਿਆਂ ਹੋਇਆਂ ਵੀ ਇਹ ਦੇਸ਼ ਤੁਹਾਡੇ ਸੁਫ਼ਨੇ ਸਾਕਾਰ ਕਰਨ ਲਈ ਬਿਹਤਰ ਵਿਕਲਪ ਹੋ ਸਕਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਨੇਡਾ ਭਾਰਤ ਨਾਲੋਂ ਵਰਗ ਖੇਤਰਫਲ ਵਿੱਚ ਬਹੁਤ ਵੱਡਾ ਹੈ ਅਤੇ ਆਬਾਦੀ ਦੇ ਪੱਖ ਤੋਂ ਖਾਲੀ ਪਿਆ ਹੈ। ਇਸ ਦੇਸ਼ ਵਿੱਚ ਬਹੁਤ ਸਾਰੀਆਂ ਵਿਕਾਸ ਦੀਆਂ ਸੰਭਾਵਨਾਵਾਂ ਹਨ। ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਕਾਰੋਬਾਰ ਤਰੱਕੀ ਹਾਸਿਲ ਵੀ ਕੀਤੀ ਹੈ। ਨਵੇਂ ਇਮੀਗ੍ਰੇਡਸ ਲਈ ਹਾਲਾਤ ਭਾਵੇਂ ਨਾਜ਼ੁਕ ਹਨ ਪਰ ਇਹ ਸਥਿਤੀ ਸਦਾ ਇੱਕ ਵਰਗੀ ਨਹੀਂ ਰਹਿਣੀ ਇਸ ਦੇ ਬਿਹਤਰ ਹੋਣ ਦੀਆਂ ਬਹੁਤ ਸਾਰੀ ਸੰਭਾਵਨਾਵਾਂ ਹਨ। ਇਸ ਵਾਰੀ ਕੈਨੇਡਾ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਨੇ ਪ੍ਰਵਾਸ ਦੀਆਂ ਸਮੱਸਿਆਵਾਂ ਬਾਰੇ ਨਵੇਂ ਆਏ ਨੌਜਵਾਨਾਂ ਨਾਲ ਗੱਲਬਾਤ ਕਰਦਿਆਂ ਕੁਝ ਨੁਕਤੇ ਦੱਸੇ ਭਾਸ਼ਾ ਸਬੰਧੀ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਜੋ ਬੱਚਾ ਵਧੀਆ ਇੰਗਲਿਸ਼ ਜਾਣਦਾ ਹੈ। ਉਹ ਇੱਥੇ ਜਲਦੀ ਕਾਮਯਾਬ ਹੋ ਸਕਦਾ ਹੈ, ਇਸ ਕਰਕੇ ਤੁਸੀਂ ਜੋ ਆਏ ਹੋ ਅੰਗਰੇਜ਼ੀ ਭਾਸ਼ਾ ਤੇ ਪਕੜ ਲਈ ਯਤਨ ਕਰੋ ਰੋਜ਼ ਕੁਝ ਨਵਾਂ ਸਿੱਖੋ ਵਿਹਾਰਿਕ ਸਾਂਝ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ। ਇਹਨਾਂ ਦੇਸ਼ਾਂ ਦੇ ਵਸਨੀਕਾਂ ਨਾਲ ਵਿਹਾਰਿਕ ਸੰਪਰਕ ਕਾਇਮ ਕਰੋ ਦੂਰੀ ਨਾ ਬਣਾ ਕੇ ਰੱਖੋ ਆਪਣੇ ਭਾਈਚਾਰੇ ਤੋਂ ਬਾਹਰ ਵੀ ਤੁਹਾਡੀਆਂ ਸਾਂਝਾਂ ਤੁਹਾਡੇ ਨਵੇਂ ਕਾਰੋਬਾਰ ਲਈ ਸਹਾਇਕ ਸਿੱਧ ਹੋਣਗੀਆਂ ਆਪਣਾ ਵਰਤੋਂ ਵਿਹਾਰ ਦਾ ਦਾਇਰਾ ਵਧਾਓ ਕਨੂੰਨੀ ਮਦਦ ਜੋ ਨਾਮਧਾਰੀ ਬੱਚੇ ਇਹਨਾਂ ਦੇਸ਼ਾਂ ਵਿੱਚ ਕਾਨੂੰਨੀ ਵਿਦਿਆ ਵਿੱਚ ਮੁਹਾਰਤ ਹਾਸਲ ਕਰ ਚੁੱਕੇ ਹਨ। ਉਹਨਾਂ ਨੂੰ ਨਵੇਂ ਬੱਚਿਆਂ ਦਾ ਸਾਥ ਦੇਣਾ ਲਈ ਕਿਹਾ ਅਤੇ ਨਵੇਂ ਇਮੀਗਰੇਟਸ ਨੂੰ ਦੇਸ਼ ਦੇ ਕਾਨੂੰਨ ਨੂੰ ਸਮਝਣ ਅਤੇ ਪਾਲਣ ਕਰਨ ਦਾ ਹੁਕਮ ਕੀਤਾ।

..........................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਬਚੇ ਸੁਮਾਰੇ ਮਾਰੇ ਰਹਿਦੇ ਰਾਇ ਥੈ॥29॥**

ਹੇ ਰਾਜਾ ਸ਼ੁੰਭ! ਜੋ ਆਪ ਦੇ ਪਾਸ ਖੜੇ ਹਨ, ਉਹ ਹੀ ਮੌਤ ਤੋਂ ਬਚੇ ਗਿਣ ਸਕਦੇ ਹੋ।

“O'King Sumbh! Only those who stand with you can be saved” they added.

**ਪਉੜੀ॥**

**ਰੋਹ ਹੋਇ ਬੁਲਾਏ ਰਾਕਸਿ ਰਾਇ ਨੇ॥**

ਰਾਖਸ਼ਾਂ ਦੇ ਰਾਜੇ ਸੁੰਭ ਨੇ ਗੁੱਸੇ ਵਿੱਚ ਆ ਕੇ ਯੋਧੇ ਅਤੇ ਮੰਤ੍ਰੀ ਬੁਲਾ ਲਏ।

The enraged demon king Sumbh, called upon his ministers and soldiers.

**ਬੈਠੇ ਮਤਾ ਪਕਾਏ ਦੂਰਗਾ ਲਿਆਵਣੀ॥**

ਉਹਨਾਂ ਨੇ ਇਹ ਮਤਾ ਪਕਾਇਆ ਕਿ ਦੁਰਗਾ ਫੜ੍ਹ ਕੇ ਲਿਆਉਣੀ ਹੈ।

They hatched a plan to capture Durga.

**ਚੰਡ ਅਰੁ ਮੁੰਡ ਪਠਾਏ ਬਹੁਤਾ ਕਟਕੁ ਦੈ॥**

ਬਹੁਤੀ ਫੌਜ ਦੇ ਕੇ ਚੰਡ ਅਤੇ ਮੁੰਡ ਨਾਮੀ ਦੋਵੇਂ ਦੈਂਤ ਸੈਨਾਪਤੀ ਭੇਜ ਦਿੱਤੇ।

Chand and Mund were sent with a massive demon army.

**ਜਾਪੇ ਛੱਪਰ ਛਾਏ ਬਣੀਆ ਕੇਜਮਾ॥**

ਰਾਖਸ਼ਾਂ ਦੇ ਹੱਥਾਂ ਵਿੱਚ ਫੜ੍ਹੀਆਂ ਤਲਵਾਰਾਂ ਆਪੋ ਵਿੱਚ ਜੁੜ ਕੇ ਛੱਪਰ ਵਾਂਗੂੰ ਛਾਈਆਂ ਜਾਪਦੀਆਂ ਸਨ।

Combined, their swords looked like straw on thatched roofing.

**ਜੇਤੇ ਰਾਇ ਬੁਲਾਏ ਚਲੇ ਜੁੱਝ ਨੋ॥**

ਰਾਜੇ ਸੁੰਭ ਨੇ ਜਿੰਨੇ ਵੀ ਦੈਂਤ ਬੁਲਾਏ ਸਨ, ਉਹ ਸਾਰੇ ਹੀ ਜੰਗ ਨੂੰ ਚੱਲ ਪਏ।

Everyone who had been called upon by King Sumbh, marched to war.

**ਜਣੁ ਜਮਪੁਰ ਪਕੜ ਚਲਾਏ ਸੱਭੇ ਮਾਰਨੇ॥30॥**

ਮਾਨੋ ਕਿ ਸਾਰੇ ਯਮਪੁਰੀ ਨੂੰ ਫੜ੍ਹ ਕੇ ਮਰਨ ਲਈ ਭੇਜ ਦਿੱਤੇ ਹੋਣ।

It seemed as though they were all heading towards the city of death, Yama Puri.

**ਪਉੜੀ॥**

**ਢੋਲ ਨਗਾਰੇ ਵਾਏ ਦਲਾਂ ਮੁਕਾਬਲਾ॥**

ਢੋਲ ਅਤੇ ਨਗਾਰੇ ਵਜਾ ਕੇ ਫੌਜਾਂ ਆਹਮੋ-ਸਾਹਮਣੇ ਹੋਈਆਂ।

The armied faced each other on the beat of the war drum.

**ਰੋਹਿ ਰੁਹੇਲੇ ਆਏ ਉੱਤੇ ਰਾਕਸਾਂ॥**

ਰਾਖਸ਼ਾਂ ਦਿਆਂ ਮੂੰਹਾਂ ਉੱਤੇ ਗੁੱਸੇ ਦੇ ਚਿੰਨ੍ਹ ਆ ਗਏ।

The faces of the demon army showed anger.

**ਸਭਨੀ ਤੁਰੇ ਨਚਾਏ ਬਰਛੇ ਪਕੜਿ ਕੈ॥**

ਆਪਣਿਆਂ ਹੱਥਾਂ ਵਿੱਚ ਬਰਛੇ ਫੜ ਕੇ ਸਾਰਿਆਂ ਨੇ ਘੋੜੇ ਨਚਾਏ।

Holding daggers in hand, they pranced on horse back.

**ਬਹੁਤੇ ਮਾਰਿ ਗਿਰਾਏ ਅੰਦਰਿ ਖੇਤ ਦੈ॥**

ਬਹੁਤੇ ਸੂਰਮੇ ਮੈਦਾਨੇ-ਜੰਗ ਵਿੱਚ ਮਾਰ ਕੇ ਗਿਰਾ ਦਿੱਤੇ।

Many were killed and fell onto the battlefield.

**ਤੀਰੀਂ ਛਹਬਰ ਲਾਏ ਬੁੱਠੀ ਦੇਵਤਾਂ॥31॥**

ਦੁਰਗਾ ਦੇਵੀ ਨੇ ਤੀਰਾਂ ਦੀ ਝੜੀ ਲਾ ਦਿੱਤੀ।

Devi Durga produced a rainstorm, of arrows.

**ਪਉੜੀ॥**

**ਭੇਰੀ ਸੰਖ ਬਜਾਏ ਸੰਘਰ ਰਚਿਆ॥**

ਨਗਾਰੇ ਅਤੇ ਸੰਖ ਵਜਾ ਕੇ ਜੰਗ ਸ਼ੁਰੂ ਕੀਤਾ ਗਿਆ।

The fight restarted when the war drum was beaten,
and the conch horn was blown.

**ਤਣਿ ਤਣਿ ਤੀਰ ਚਲਾਏ ਦੁਰਗਾ ਧਨੁਖ ਲੈ॥**

ਚੰਡਿਕਾ ਨੇ ਕਮਾਨ ਲੈ ਕੇ ਖਿੱਚ-ਖਿੱਚ ਕੇ ਤੀਰ ਚਲਾਏ।

Chandika grabbed her bow and fired arrows.

**ਜਿਨੀ ਦਸਤ ਉਠਾਏ ਰਹੇ ਨ ਜੀਵਦੇ॥**

ਜਿਨ੍ਹਾਂ ਨੇ ਦੁਰਗਾ ਨੂੰ ਮਾਰਨ ਲਈ ਹੱਥ ਚੁੱਕਿਆ, ਉਹ ਜੀਉਂਦੇ ਨਾ ਰਹੇ।

Those who sought to kill Durga, died trying.

**ਚੰਡ ਅਰੁ ਮੁੰਡ ਖਪਾਏ ਦੋਨੋ ਦੇਵਤਾਂ॥32॥**

ਦੇਵੀ ਚੰਡਿਕਾ ਨੇ ਚੰਡ ਅਤੇ ਮੁੰਡ ਦੋਵੇਂ ਹੀ ਮਾਰ ਦਿੱਤੇ।

Godess Chandika killed both Chand and Mund.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਗੁਰੂ ਜੀ ਦਾ ਹੁਕਮੁ ਹੈ ਸਰਬ ਰੋਗ ਕਾ ਅਉਖਧੁ ਨਾਮੁ। ਸੋ ਜੀ ਨਾਮ ਦਾ ਤੇ ਬਾਣੀ ਪੜਨ ਦਾ ਏਹੁ ਬਡਾ ਮਹਾਤਮੁ ਹੈ, ਜੋ ਸਵਾ ਪਹਿਰੁ ਰਾਤ ਤੇ ਪਹਰ ਤੇ ਉਠਕੇ ਹਮੇਸਾ ਸਨਾਨੁ, ਕਰਨਾ, ਬਾਣੀ ਪੜ੍ਹਨੀ, ਫੇਰ ਭਜਨੁ ਕਰਨਾ ਦਿਨ ਰਾਤ ਕੰਮੁ ਕਾਰ ਮੈ ਜਿੰਨਾ ਹੋਇ ਆਵੇ। ਅਰੁ ਜਥਾ ਸਕਤ ਦਾਨੁ ਕਰਨਾ ਅਰੁ ਕਿਸੇ ਦੀ ਕੋਈ ਬੀ ਚੀਜ ਚੁਕਣੀ ਚੁਰਾਉ ਨਾ। ਪਰ ਰਾਤ ਨਾਉਣਾ ਜਰੂਰ, ਤਾ ਸਾਰੇ ਈ, ਸਭਿ ਦੇ ਦੁਖ ਕਟਿ ਜਾਣਗੇ। ਏਹੁ ਸਭ ਕੋ ਸੁਣਾ ਦੇਣਾ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਸਾਧ ਸੰਗਤ ਦਾ ਰੂਪ



ਸਾਧ ਸੰਗਤ ਵਿੱਚ ਆ ਕੇ ਸਾਧ ਸੰਗਤ ਨੂੰ ਸਾਧ ਸੰਗਤ ਦਾ ਰੂਪ ਜਾਣ ਕੇ ਉਹਦੇ ਦਰਸ਼ਨ ਕੀਤੇ ਜਾਣ। ਉਸਦਾ ਜਿਆਦਾ ਮਹਾਤਮ ਹੈ, ਜਦੋਂ ਏਥੇ ਆ ਕੇ ਵੇਖਦੇ ਹਾਂ, ਉਹ ਫਲਾਣੇ ਦਾ ਪੁੱਤਰ ਹੈ, ਫਲਾਣੇ ਦਾ ਪਿਉ, ਫਲਾਣਾ ਸੈਕਟਰੀ ਹੈ, ਉਹ ਫਲਾਣਾ ਹੈ, ਉਹ ਫਿਰ ਸਾਧ ਸੰਗਤ ਤੋਂ ਗੱਲ ਹੇਠਾਂ ਚਲੀ ਜਾਂਦੀ ਹੈ। ਭਾਈ ਮਨੀ ਸਿੰਘ ਜੀ ਜਿਸ ਵੇਲੇ ਗੁਰੂ ਗੋਬਿੰਦ ਸਿੰਘ ਕੋਲ ਆਏ, ਗੁਰੂ ਸਾਹਿਬ ਨੇ ਆਖਿਆ, "ਮਨੀਆਂ ਭਾਡੇ ਮਾਂਜਿਆਂ ਕਰ ਜਿਵੇਂ-ਜਿਵੇਂ ਭਾਡੇ ਮਾਂਜੇਗਾ, ਤੇਰਾ ਮਨ ਵੀ ਲਿਸ਼ਕ ਜਾਏਗਾ।" ਕੋਵੀ ਵੀ ਆਦਮੀ ਕਿਸੇ ਨੂੰ ਜੇਲ੍ਹ 'ਚ ਸੁੱਟ ਕੇ, ਵੋਟਾਂ ਨਾਲ ਜਿੱਤ ਕੇ ਵੱਡਾ ਨਹੀਂ ਹੋ ਸਕਦਾ, ਪਰਉਪਕਾਰ ਕਰਕੇ ਵੱਡਾ ਹੋ ਸਕਦਾ ਹੈ। ਪਰਉਪਕਾਰਾਂ 'ਚੋਂ ਵੀ ਵੱਡਾ ਪਰਉਪਕਾਰ ਜਿਹੜਾ ਸਤਿਗੁਰਾਂ ਨੇ ਸਾਡੇ ਤੇ ਕੀਤਾ ਹੈ। ਗੁਰਬਾਣੀ ਵਿੱਚ ਲਿਖਿਆ ਹੈ-

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ।
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**7-7-2024** **ਕੈਨੇਡਾ**

ਪਰਮ ਸਤਿਕਾਰ ਯੋਗ ਸਾਧ ਸੰਗਤ ਜੀ ਪਿਛਲੇ 4-5 ਦਿਨ ਤੋਂ ਆਪ ਜੀ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ, ਨਾਮ ਸਿਮਰਨ ਕਰਨ ਦਾ ਮੌਕਾ ਮਿਲਿਆ ਹੈ। ਸਾਧ ਸੰਗਤ ਦਾ ਮੌਕਾ ਵੱਡੇ ਭਾਗਾ ਨਾਲ ਮਿਲਦਾ ਹੈ। ਇਹ ਸਾਧ ਸੰਗਤ ਜਿਸ ਪਾਤਸ਼ਾਹ ਦੀ ਕਿਰਪਾ ਨਾਲ ਮਿਲੀ ਹੈ, ਜਿਹਨਾਂ ਦੀ ਇਹ ਫੁਲਵਾੜੀ ਹੈ, ਜਿਹਨਾਂ ਦੀ ਕਿਰਪਾ ਨਾਲ ਮੈਨੂੰ ਵੀ ਤੁਹਾਡੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ, ਇਕ ਵਾਰੀ ਉਹਨਾਂ ਦੇ ਚਰਨਾਂ ਵਿੱਚ ਨਮਸਕਾਰ ਕਰੀਏ ਤੇ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਬੇਸ਼ੱਕ ਸਾਰੇ ਹੀ ਭਾਰਤੀ ਧਰਮ ਇਕ ਪ੍ਰਮਾਤਮਾ ਵਿੱਚ ਵਿਸ਼ਵਾਸ਼ ਕਰਦੇ ਹਨ, ਆਪਾਂ ਇਹ ਵਿਸ਼ਵਾਸ਼ ਕਰਦੇ ਹਾਂ ਕਿ ਉਹ ਕਣ-ਕਣ ਵਿੱਚ ਰਚਿਆ ਹੋਇਆ ਹੈ, ਇਹ ਸਾਰੀ ਕਾਇਨਾਤ ਉਸ ਦੀ ਪੈਦਾ ਕੀਤੀ ਹੋਈ ਹੈ। ਪਰ ਜਦੋਂ ਉਹ ਕਿਸੇ ਸਤਿਗੁਰੂ ਦੇ ਰੂਪ ਵਿੱਚ, ਕਿਸੇ ਸੰਤ ਦੇ ਰੂਪ ਵਿੱਚ, ਕਿਸੇ ਸਾਧੂ ਦੇ ਰੂਪ ਵਿੱਚ ਕਿਰਪਾ ਕਰਦਾ ਹੈ ਅਸੀਂ ਉਸ ਦਾ ਆਨੰਦ ਲੈਂਦੇ ਹਾਂ ਤੇ ਸਾਡੇ ਤੇ ਉਹ ਕਿਰਪਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿੱਚ ਆ ਕੇ ਬਖਸ਼ਿਸ਼ ਹੋਈ ਹੈ। ਸਾਰਿਆਂ ਦੇ ਕੋਲ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਹੁਤ ਸਾਰੀਆਂ ਯਾਦਾਂ ਹਨ ਕਿ ਉਹਨਾਂ ਨੇ ਕਿਸ ਤਰ੍ਹਾਂ ਸਾਨੂੰ ਸਿੱਖੀ ਦੇ ਨਾਲ ਜੋੜ ਕੇ ਰੱਖਿਆ। ਸੱਚੇ ਪਾਤਸ਼ਾਹ ਜੀ ਦਾ ਸ਼ਾਇਦ ਕੈਨੇਡਾ ਦਾ ਹੀ ਬਚਨ ਹੈ ਕਿ ਬੜੇ ਚਿਰ ਤੋਂ ਧਰਤੀ ਨਹੀਂ ਦਿਸੀ ਇੰਨੀ ਬਰਫ ਪੈ ਰਹੀ ਹੈ।-28 ਡਿਗਰੀ ਤਾਪਮਾਨ ਹੈ ਪਰ ਮਨ ਦੀ ਸੜਨ ਨਹੀਂ ਮਿਟਦੀ, ਉਹ ਸਿਰਫ਼ ਹਰੀ ਦਾ ਨਾਮ ਜੱਪ ਕੇ ਹੀ ਮਿਟ ਸਕਦੀ ਹੈ। ਇਕ ਹੋਰ ਬਚਨ ਸੱਚੇ ਪਾਤਸ਼ਾਹ ਜੀ ਕਰਦੇ ਹਨ ਕਿ ਜਿਸ ਕਿਸੇ ਨੂੰ ਵੀ ਕਿਤੋਂ ਵੀ ਸਤਸੰਗਤ ਮਿਲੀ ਹੈ, ਭਾਵੇ ਉਹ ਚਿੱਟੇ ਵਾਲਾ, ਭਾਵੇ ਉਹ ਕਾਲੇ ਵਾਲਾ, ਭਾਵੇ ਨੀਲੇ ਵਾਲਾ, ਭਾਵੇ ਪੀਲੇ ਵਾਲਾ ਉਹ ਕਿਸੇ ਦੀ ਬੁਰਾਈ ਨਹੀਂ ਕਰਦਾ।

ਸੱਚੇ ਪਾਤਸ਼ਾਹ ਜੀ ਦੇ ਨਾਲ ਰਹਿੰਦਿਆਂ ਵੇਖਿਆ ਕਿ ਬੜੇ ਹਿੰਦੂਆਂ ਨੇ ਆਉਣਾ, ਮੁਸਲਮਾਨਾਂ ਨੇ ਆਉਣਾ, ਸੱਚੇ ਪਾਤਸ਼ਾਹ ਕਦੇ ਕਿਸੇ ਨੂੰ ਹੁਕਮ ਨਹੀਂ ਕਰਦੇ ਸਨ ਕਿ ਤੂੰ ਆਪਣਾ ਧਰਮ ਛੱਡ ਕੇ ਭਜਨ ਲੈ, ਬਸ ਇਹ ਹੀ ਕਹਿਣਾ ਕਿ ਜਿਥੋਂ ਵੀ ਨਾਮ ਲਿਆ ਉਸ ਦਾ ਜਾਪ ਕਰੋ ਪਰ ਜੇ ਨਾਮ ਨਹੀਂ ਲਿਆ ਫਿਰ ਜ਼ਰੂਰ ਲਉ।

ਸਿੱਖੀ ਇਕ ਜੀਵਨ ਜਾਂਚ ਹੈ ਇਹ ਸੁਖੀ ਰਹਿਣ ਦਾ ਢੰਗ ਹੈ। ਸੱਚੇ ਪਾਤਸ਼ਾਹ ਜੀ ਦਾ ਇਕ ਹੋਰ ਬੜਾ ਪਿਆਰਾ ਬਚਨ ਹੈ ਕਿ ਜੇ ਲੈਣਾ ਹੈ ਤਾਂ ਕਿਸੇ ਦਾ ਗੁਣ ਲੈ ਲਵੋ, ਔਗੁਣ ਤਾਂ ਆਪਣੇ ਕੋਲ ਹੀ ਬਹੁਤ ਹਨ। ਜਦੋਂ ਆਪਣੇ ਵਿੱਚ ਔਗੁਣ ਤੇ ਦੂਜੇ ਵਿੱਚ ਗੁਣ ਦਿੱਸਣ ਲੱਗ ਜਾਂਦੇ ਹਨ ਤਾਂ ਤੁਸੀਂ ਬੜੇ ਚੰਗੇ ਇਨਸਾਨ ਬਣ ਜਾਂਦੇ ਹੋ। ਤੁਹਾਡਾ ਆਪਣਾ ਜੀਵਨ ਹੀ ਬਹੁਤ ਚੰਗਾ ਹੋ ਜਾਂਦਾ ਹੈ। ਜਦੋਂ ਅਸੀਂ ਸਰਬੱਤ ਦਾ ਭਲਾ ਮੰਗਣ ਲੱਗ ਜਾਂਦੇ ਹਾਂ, ਅਸੀਂ ਆਪ ਸੌਖੇ ਹੋਣ ਲੱਗ ਜਾਂਦੇ ਹਾਂ।

ਤੁਹਾਡੇ ਨਾਲ ਮਿਲਦਿਆਂ ਬਹੁਤ ਸਾਰਿਆਂ ਨੇ ਇਹ ਗੱਲ ਕੀਤੀ ਹੈ ਕਿ ਮਨ ਨਹੀਂ ਲੱਗਦਾ। ਮਨ ਲਵੋ ਤੁਸੀਂ ਜਿੰਮ ਵਿੱਚ ਜਾਂਦੇ ਹੋ ਬਹੁਤ ਅਭਿਆਸ ਕਰਦੇ ਹੋ, ਕੀ ਖਾਣਾ ਹੈ ਕੀ ਨਹੀਂ ਖਾਣਾ, ਫਿਰ ਤੁਸੀਂ ਕਿਸੇ ਕੰਪੀਟੀਸ਼ਨ ਵਿੱਚ ਜਾਂਦੇ ਹੋ। ਆਪਾਂ ਇਸੇ ਤਰ੍ਹਾਂ ਲਈਏ ਮਨ ਲਾਉਣ ਵਾਸਤੇ ਅਸੀਂ ਕਿਸੇ ਦੀ ਬੁਰਾਈ ਕਰਨੀ ਛੱਡ ਦਈਏ, ਮਨ ਲਾਉਣ ਵਾਸਤੇ ਅਸੀਂ ਈਰਖਾ ਛੱਡ ਦਈਏ, ਮਨ ਲਾਉਣ ਵਾਸਤੇ ਅਸੀਂ ਚਿੰਤਾ ਛੱਡ ਦਈਏ। ਜਦੋਂ ਮਨ ਸੌਖਾ ਹੋ ਜਾਂਦਾ ਫਿਰ ਸਾਰਾ ਕੁਝ ਸੌਖਾ ਹੋ ਜਾਂਦਾ ਹੈ।

ਬੜਾ ਪਿਆਰਾ ਬਚਨ ਹੈ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕਿ ਅਸੀਂ ਗੁਰਬਾਣੀ ਨੂੰ ਮੱਥਾ ਟੇਕਦੇ ਹਾਂ ਪਰ ਜਿੰਨਾਂ ਮੈਂ ਆਪਣੇ ਮੁੰਡੇ ਦੀ ਗੱਲ ਤੇ ਵਿਸ਼ਵਾਸ਼ ਕਰ ਲੈਂਦਾ ਹਾਂ, ਅਸੀਂ ਗੁਰਬਾਣੀ ਤੇ ਇੰਨਾ ਵੀ ਵਿਸ਼ਵਾਸ਼ ਨਹੀਂ ਕਰਦੇ। ਮਨ ਨੂੰ ਇਹ ਸਮਝਾਉਣਾ ਹੈ ਕਿ ਗੁਰਬਾਣੀ ਵਿੱਚ ਜੋ ਲਿਖਿਆ ਹੈ ਉਹ ਪ੍ਰਮਾਤਮਾ ਦਾ ਹੁਕਮ ਹੈ।

ਕਈ ਬੱਚੇ ਕਹਿੰਦੇ ਹਨ ਕਿ ਨਾਮ ਸਿਮਰਨ ਦਾ ਟਾਇਮ ਨਹੀਂ ਮਿਲਦਾ। ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਹਨ ਜੇ ਅਸੀਂ ਟਾਇਮ ਲੱਭੀਏ ਤਾਂ ਹਰ ਵੇਲੇ ਹੈ ਜੇ ਤੁਸੀਂ ਬੱਸ ਵਿੱਚ ਬੈਠੇ ਹੋ ਉਹ ਵੀ ਸਮਾਂ ਹੈ, ਤੁਸੀਂ ਘਰ ਵਿੱਚ ਬੈਠੇ ਪ੍ਰਸ਼ਾਦਾ ਬਣਾ ਰਹੇ ਹੋ ਉਹ ਵੀ ਸਮਾਂ ਹੈ। ਸੋ ਹਰ ਵੇਲੇ ਮਨ ਉਹਨਾਂ ਦੇ ਚਰਨਾਂ ਵਿੱਚ ਲਗਾ ਹੋਵੇ ਤੇ ਮੈਨੂੰ ਜੋ ਵੀ ਤੂੰ ਦਿੱਤਾ ਹੈ ਮੈਂ ਉਸ ਵਿੱਚ ਖੁਸ਼ ਰਹਾਂ।

..........................................

# ਚੜ੍ਹਿਆ ਸੋਧਣਿ ਧਰਤਿ ਲੁਕਾਈ

**(ਕੈਨੇਡਾ ਦੌਰੇ 'ਤੇ ਪੰਛੀ ਝਾਤ)**



**ਗੁਰਲਾਲ ਸਿੰਘ**
**97800-97898**

ਸ੍ਰੀ ਸਤਿਗੁਰੂ ਜੀ ਉੱਤਰੀ ਅਮਰੀਕਾ ਮਹਾਂਦੀਪ ਦੇ ਦੇਸ਼ ਕੈਨੇਡਾ ਦਾ ਦੌਰਾ ਇਸ ਸਾਲ 3 ਜੁਲਾਈ 2024 ਨੂੰ ਸ਼ੁਰੂ ਹੋ ਕੇ 25 ਜੁਲਾਈ ਤੱਕ ਚੱਲਿਆ। ਇਸ ਦੌਰਾਨ ਕੈਨੇਡਾ ਦੀਆਂ 10 ਸਟੇਟਾਂ 'ਚੋਂ ਪੰਜ ਸਟੇਟਾਂ ਦੇ ਮੁੱਖ ਸ਼ਹਿਰਾ ਵਿੱਚ ਆਪ ਜੀ ਨੇ ਚਰਨ ਪਾਏ।

ਇਹ 22 ਦਿਨ ਦਾ ਦੌਰਾ ਇਤਿਹਾਸਕ ਪੱਖ ਤੋਂ ਬਹੁਤ ਮਹੱਤਵਪੂਰਨ ਹੈ। ਸ੍ਰੀ ਸਤਿਗੁਰੂ ਜੀ ਨੇ ਵੱਖ-ਵੱਖ ਸ਼ਹਿਰਾਂ ਵਿੱਚ ਵੱਸਦੇ ਨਾਮਧਾਰੀ ਸਿੱਖਾਂ ਨੂੰ ਜਿਥੇ ਦਰਸ਼ਨ ਦੇ ਕੇ ਨਿਵਾਜ਼ਿਆ ਉਥੇ ਕੈਨੇਡਾ ਵਿੱਚ ਚੰਗੇ ਭਵਿੱਖ ਲਈ ਆ ਰਹੇ ਨੌਜਵਾਨਾਂ ਨੂੰ ਨਵੀਂ ਜ਼ਿੰਦਗੀ ਲਈ ਜ਼ਰੂਰੀ ਨਿਯਮ ਸਮਝਾਏ। ਸਿੱਖਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਹਨਾਂ ਦੇ ਹੱਲ ਲਈ ਮੌਕੇ ਤੇ ਹੀ ਸੁਯਤਨ ਕੀਤੇ। ਨਵੇਂ ਗੁਰਦੁਆਰੇ ਬਣਾਉਣ ਲਈ ਸਥਾਨਕ ਆਗੂਆਂ ਨਾਲ ਗੱਲਬਾਤ ਕੀਤੀ।

**ਗੁਰਸਿੱਖੀ ਦ੍ਰਿੜਤਾ-** ਸ੍ਰੀ ਸਤਿਗੁਰੂ ਜੀ 3 ਜੁਲਾਈ 2024 ਨੂੰ ਸ਼ਾਮ 4 ਵਜੇ ਵੈਨਕੂਵਰ ਏਅਰਪੋਰਟ ਤੋਂ ਬਾਹਰ ਆਏ। ਸਥਾਨਕ ਸੰਗਤਾਂ ਆਪ ਜੀ ਦੇ ਸਵਾਗਤ ਲਈ ਵੱਡੀ ਗਿਣਤੀ ਵਿੱਚ ਏਅਰਪੋਰਟ ਪਹੁੰਚੀਆਂ ਸਨ। ਆਪ ਨੇ ਹਰ ਆਏ ਸਿੱਖ ਨੂੰ ਹਾਲ-ਚਾਲ ਪੁੱਛਿਆ ਅਤੇ ਇਥੋਂ ਹੀ ਸਿੱਖਾਂ ਸੇਵਕਾਂ ਦੇ ਘਰ ਵਿੱਚ ਦਰਸ਼ਨ ਦੇਣ ਦਾ ਸਿਲਸਿਲਾ ਸ਼ੁਰੂ ਹੋਇਆ। ਜਿਸ ਘਰ ਵਿੱਚ ਆਪ ਜੀ ਗਏ ਪਰਿਵਾਰ ਨੂੰ ਨਾਮ-ਸਿਮਰਨ, ਗੁਰਬਾਣੀ, ਅੰਮ੍ਰਿਤ ਵੇਲੇ ਦਾ ਇਸ਼ਨਾਨ ਅਤੇ ਗੁਰਸਿੱਖੀ ਜੀਵਨ ਦੀ ਪ੍ਰੇਰਣਾ ਦਿੰਦੇ ਰਹੇ। ਛੋਟੇ ਬੱਚਿਆਂ ਨੂੰ ਪਿਆਰ ਦਿੰਦੇ ਅਤੇ ਕੋਈ ਗੁਰਬਾਣੀ ਸ਼ਬਦ ਸੁਣਾਉਣ ਲਈ ਕਹਿੰਦੇ ਅਤੇ ਮਾਵਾਂ ਨੂੰ ਤਗੀਦ ਕਰਦੇ ਕਿ ਬੱਚਿਆਂ ਨੂੰ ਮੂਲ ਮੰਤਰ, ਅਰਦਾਸ ਅਤੇ ਗੁਰਬਾਣੀ ਸ਼ਬਦ ਕੀਰਤਨ ਸਿਖਾਉਣ ਲਈ ਸੁਯਤਨ ਕਰਦੀਆਂ ਰਹਿਣ। ਕਈ ਨੌਜਵਾਨ ਬਾਜ਼ਾਰ ਦੀ ਚਮਕ ਦਮਕ ਕਾਰਨ ਸਿੱਖੀ ਪਹਿਰਾਵੇ ਤੋਂ ਦੂਰ ਹੋ ਗਏ ਅਤੇ ਕੇਸ ਕਤਲ ਕਰਨ ਵਾਲੀ ਵੱਡੀ ਅਵੱਗਿਆ ਕਰ ਬੈਠੇ। ਸਤਿਗੁਰੂ ਜੀ ਬੜੇ ਪਿਆਰ ਨਾਲ ਇਨ੍ਹਾਂ ਨੌਜਵਾਨਾਂ ਨੂੰ ਕੋਲ ਬਿਠਾਂਦੇ ਤੇ ਕਹਿੰਦੇ ਮੈਨੂੰ ਪਹਿਲਾਂ ਦੱਸੋ ਕਿ ਤੁਸੀਂ ਮਾਸ ਸ਼ਰਾਬ ਦਾ ਸੇਵਨ ਕਰਦੇ ਹੋ ਜਾਂ ਨਹੀਂ? ਜਵਾਬ ਰਲਿਆ ਮਿਲਿਆ ਹੁੰਦਾ ਜੋ ਕਰਦੇ ਉਹਨਾਂ ਨੂੰ ਕਹਿੰਦੇ ਪਹਿਲਾਂ ਆਪਾਂ ਗੁਰਸਿੱਖੀ ਦੇ ਰਸਤੇ 'ਤੇ ਦੁਬਾਰਾ ਤੁਰਨ ਲਈ ਇਨ੍ਹਾਂ ਚੀਜ਼ਾਂ ਦਾ ਸੇਵਨ ਬੰਦ ਕਰੀਏ। ਫਿਰ ਅੱਗੋ ਕੇਸਾਂ ਦੀ ਸੰਭਾਲ ਲਈ ਕਹਿੰਦੇ। ਬਹੁਤ ਸਾਰੇ ਨੌਜਵਾਨ ਇਨ੍ਹਾਂ ਪਿਆਰ ਭਰੇ ਬਚਨਾਂ ਨੂੰ ਸੁਣ ਆਪਣੀ ਭੁੱਲ ਨੂੰ ਮੰਨਦੇ ਅਤੇ ਅੱਗੇ ਤੋਂ ਇਸ ਬੱਜਰ ਕੁਰਹਿਤ ਤੋਂ ਤੋਬਾ ਕਰਦੇ। ਕਈ ਨੌਜਵਾਨ ਬੜੀ ਖੁਸ਼ੀ ਨਾਲ ਮੱਥਾ ਟੇਕ ਚਰਨਾਂ ਵਿੱਚ ਬੈਠ ਅਰਜ ਕਰਦੇ ਪਾਤਸ਼ਾਹ ਜੀ ਆਪ ਨੇ ਪਿਛਲੇ ਦੌਰੇ ਸਮੇਂ ਕਿਹਾ ਸੀ ਕੇਸ ਰੱਖੋ ਮੈਂ ਹੁਣ ਪੂਰਨ ਗੁਰਸਿਖੀ ਸਰੂਪ ਵਿੱਚ ਹਾਂ। ਸ੍ਰੀ ਸਤਿਗੁਰੂ ਜੀ ਕੰਡ 'ਤੇ ਥਾਪੀ ਦੇ ਕੇ ਬਚਨ ਕਰਦੇ ਤਗੜੇ ਹੋ ਕੇ ਗੁਰਸਿੱਖੀ ਮਾਰਗ 'ਤੇ ਚਲਣਾ ਹੈ। ਇਸ ਦੌਰੇ ਵਿੱਚ ਦਰਜਨ ਤੋਂ ਵੱਧ ਉਹ ਨੌਜਵਾਨ ਮਿਲੇ ਜਿਨ੍ਹਾਂ ਨੇ ਮੁੜ ਗੁਰਸਿੱਖੀ ਜੀਵਨ ਨੂੰ ਅਪਣਾਇਆ। ਸਤਿਗੁਰੂ ਜੀ ਬਚਨ ਕਰਦੇ "ਇਹ ਸਤਿਗੁਰੂ ਨਾਨਕ ਦੇਵ ਜੀ ਦਾ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਪਰਿਵਾਰ ਹੈ ਜੇ ਕੋਈ ਭੁੱਲ ਭੜਕ ਜਾਂਦਾ ਹੈ ਤਾਂ ਉਸ ਨੂੰ ਦੁਬਾਰਾ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਲਈ ਸਾਨੂੰ ਸਾਰਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਇਹ ਸਾਡਾ ਸਾਰਿਆਂ ਦਾ ਫਰਜ ਹੈ ਆਪਣੇ ਸੰਗੀਆਂ ਸਾਥੀਆਂ ਨੂੰ ਸਹੀ ਰਸਤੇ ਲਈ ਪ੍ਰੇਰਨਾ ਅਤੇ ਇਸ ਕਾਰਜ ਲਈ ਸਭ ਤੋਂ ਕਾਰਗਰ ਹਥਿਆਰ ਹੈ ਪ੍ਰੇਮ ਪਿਆਰ। ਤੁਸੀਂ ਉਹਨਾਂ ਭੜਕੇ ਨੌਜਵਾਨਾਂ ਨੂੰ ਪਿਆਰ ਨਾਲ ਮੋੜੋ।

**ਨਵੀਆਂ ਦਸਤਾਰਾਂ-** ਜਦੋਂ ਕੋਈ ਮਾਪੇ ਸ੍ਰੀ ਸਤਿਗੁਰੂ ਜੀ ਕੋਲ ਬੱਚੇ ਨੂੰ ਪੱਗ ਬਣਾਉਣ ਲਈ ਅਰਜ ਕਰਦੇ ਤਾਂ ਮੈਂ ਅਕਸਰ ਵੇਖਿਆ ਆਪ ਸਾਰੇ ਕੰਮਾਂ ਨੂੰ ਇਕ ਦਮ

ਰੋਕ ਦਿੰਦੇ। ਬੜੇ ਉਤਸ਼ਾਹ ਨਾਲ ਇਸ ਕਾਰਜ ਨੂੰ ਜੁੱਟ ਜਾਂਦੇ। ਮੈਂ ਇਕ ਦਿਨ ਇਸ ਬਾਰੇ ਪੁੱਛਿਆ ਆਪ ਨੂੰ ਜਦੋਂ ਕੋਈ ਪੱਗ ਲਈ ਅਰਜ਼ ਕਰਦਾ ਉਸ ਸਮੇਂ ਕਈ ਵਾਰ ਚਲਦੇ ਵੀ ਰੁੱਕ ਜਾਂਦੇ ਹੋ। ਉਚੇਚ ਕਰਦੇ ਹੋ ਇਸ ਕਾਰਜ ਲਈ ਕਹਿੰਦੇ "ਮੇਰੀ ਇਹ ਮੁੱਖ ਡਿਊਟੀ ਹੈ।" ਇਸ ਦੌਰੇ ਵਿੱਚ ਵੀ ਬਹੁਤ ਸਾਰੇ ਬੱਚਿਆਂ ਨੂੰ ਦਸਤਾਰਾਂ ਬੰਨ੍ਹੀਆਂ ਅਤੇ ਉਹਨਾਂ ਦੀ ਗੱਲ 'ਤੇ ਪਿਆਰ ਭਰਿਆ ਹਸਤ ਕਮਲ ਛੁਹਾ ਬੱਚੇ ਅਤੇ ਪਰਿਵਾਰ ਨੂੰ ਅਲੌਕਿਕ ਅਨੰਦ ਦਾ ਅਨੁਭਵ ਕਰਾਇਆ। ਕਈ ਬੱਚਿਆਂ ਦਸਤਾਰ ਬੰਨ੍ਹਾਉਣ ਤੋਂ ਬਾਅਦ ਆਪ ਜੀ ਨੂੰ ਗੁਰਬਾਣੀ ਸ਼ਬਦ ਵੀ ਸੁਣਾਏ। ਆਪ ਨੇ ਅਨੰਤ ਖੁਸ਼ੀਆਂ ਵੰਡੀਆਂ।

**ਸਰੀਰਕ ਤੰਦਰੁਸਤੀ–** ਇਨ੍ਹਾਂ ਦੇਸ਼ਾਂ ਵਿੱਚ ਸਾਡੇ ਲੋਕ ਆ ਕੇ ਦਿਨ-ਰਾਤ ਵਿਅਸਥ ਰਹਿੰਦੇ ਹਨ। ਜਿਸ ਕਾਰਨ ਸਿਹਤ ਲਈ ਸਮਾਂ ਨਹੀਂ ਦਿੱਤਾ ਜਾਂਦਾ। ਬੱਚਿਆਂ ਅਤੇ ਵੱਡਿਆਂ ਨੂੰ ਸੈਰ, ਦੌੜ, ਖੇਡਾ ਅਤੇ ਸਰੀਰਕ ਕਸਰਤਾਂ ਵਿੱਚ ਲਾਉਣ ਲਈ ਆਪ ਦਾ ਨਿੱਤ ਕਰਮ ਹੀ ਪ੍ਰੇਰਨਾਦਾਇਕ ਬਣਦਾ। ਜਦੋਂ ਆਪ ਸਭ ਸੰਗਤ ਨੂੰ ਲੈ ਕੇ ਸੈਰ ਕਰਨ ਨਿਕਲਦੇ ਇਸ ਸਮੇਂ ਬਹੁਤ ਸਾਰੀ ਸੰਗਤ ਤੁਹਾਡੇ ਦਰਸ਼ਨਾਂ ਅਤੇ ਬਚਨਾਂ ਦਾ ਲਾਭ ਉਠਾਉਂਦੀ। ਹਾਕਿੰਗ, ਟ੍ਰੈਕਿੰਗ ਜੋ ਵੀ ਸਹੂਲਤ ਨੇੜੇ ਹੋਵੇ ਆਪ ਉਸ ਦਾ ਇਸਤੇਮਾਲ ਕਰਦੇ। ਕਦੇ ਸੰਗਤ ਨਾਲ ਧਰਤੀ ਤੋਂ ਹਜਾਰਾਂ ਫੁੱਟ ਉੱਚੀ ਝੀਲ 'ਤੇ ਪਹੁੰਚ ਜਾਂਦੇ ਸਭ ਨੂੰ ਤੋਰੀ ਰੱਖਦੇ ਨਾਲੇ ਹੌਂਸਲਾ ਅਫਜ਼ਾਈ ਕਰਦੇ। ਆਪ ਦੇ ਨੇੜੇ ਪਹੁੰਚਣ ਦੀ ਤਾਂਘ ਸਿੱਖਾਂ ਨੂੰ ਥੱਕਣ ਨਾ ਦੇਂਦੀ। ਮੈਂ ਬੜਿਆ ਤੋਂ ਸੁਣਿਆ ਉਹਨਾਂ ਕਿਹਾ ਅਸੀਂ ਇਸ ਜਗ੍ਹਾਂ ਪਹਿਲਾ ਵੀ ਆਏ ਪਰ ਟ੍ਰੈਕ ਕਰਨ ਦੀ ਹਿੰਮਤ ਨਾ ਪਈ। ਜਾਂ ਕੀਤਾ ਵੀ ਤਾਂ ਬਹੁਤ ਥੋੜਾ ਪਰ ਅੱਜ ਤਾਂ ਇਹਨਾਂ ਆਪ ਹੀ ਸਾਡੇ ਤੋਂ ਇਹ ਔਖੇ ਪੈਂਡੇ ਤਹਿ ਕਰਵਾਏ ਹਨ। ਇਹ ਆਪ ਦਾ ਕੁਦਰਤ ਨਾਲ ਪ੍ਰੇਮ ਵੀ ਹੈ ਜੋ ਉਚੀਆਂ ਝੀਲਾਂ, ਸੰਘਣੇ ਜੰਗਲ ਨੂੰ ਨਿਹਾਰਦੇ ਇਹਨਾਂ ਰਾਸਤਿਆਂ ਨੂੰ ਆਪ ਖੁਸ਼ੀ-ਖੁਸ਼ੀ ਸਰ ਕਰਦੇ ਹੋ। ਇਸ ਦੌਰਾਨ ਨੌਜਵਾਨਾਂ ਨੂੰ ਪੁੱਛਦੇ ਉਹ ਕਿਹੜੀ ਗੇਮ ਕਰਦੇ ਹਨ। ਕਿਸ ਲੈਵਲ ਤੱਕ ਖੇਡਦੇ ਹਨ। ਫਿਟਨੈਸ ਰੱਖਣ ਦੇ ਭਾਰ ਘਟਾਉਣ ਦੇ ਜਰੂਰੀ ਨੁਕਤੇ ਦੱਸਦੇ। ਜੇ ਕਿਸੇ ਨੌਜਵਾਨ ਨੇ ਆਪਣੇ ਸਰੀਰ ਨੂੰ ਪਹਿਲੇ ਦੇ ਮੁਕਾਬਲੇ ਫਿਟ ਕੀਤਾ ਹੈ ਤਾਂ ਉਸ ਨੂੰ ਵਿਸ਼ੇਸ਼ ਸ਼ਾਬਾਸ਼ ਮਿਲਦੀ। ਨੌਜਵਾਨਾਂ ਨੂੰ ਨਾਲ ਲੈ ਕੇ ਮੈਚ ਚੇਖਣੇ ਆਪ ਦੇ ਇਸ ਕਰਮ ਵਿਚੋਂ ਤੰਦਰੁਸਤੀ ਦੀ ਵੱਡੀ ਪ੍ਰੇਰਨਾ ਝੋਲੀ ਪੈਂਦੀ ਹੈ।

**ਪ੍ਰੋਗਰਾਮ–** ਦੌਰਿਆਂ ਵਿੱਚ ਨਾਲ ਆਏ ਰਾਗੀ, ਜਥੇਦਾਰ, ਕਥਾਵਾਚਕ ਵੀ ਆਪਣੇ ਸਮੇਂ ਅਨੁਸਾਰ ਸੰਗਤਾਂ ਨੂੰ ਹਰ ਜੱਸ ਸੁਣਾਉਂਦੇ ਪਰ ਸ੍ਰੀ ਸਤਿਗੁਰੂ ਉਚੇਚਾ ਸਮਾਂ ਸਥਾਨਕ ਨਵੇਂ ਸਿਖਿਆਰਥੀਆਂ ਨੂੰ ਦਿੰਦੇ ਕੋਈ ਕੀਰਤਨ ਕਰਦਾ, ਕੋਈ ਲੈਕਚਰ, ਕੋਈ ਆਪਣੇ ਮਨੋਭਾਵਾਂ ਨੂੰ ਕਵਿਤਾ ਰਾਹੀਂ ਸੁਣਾਉਂਦਾ ਇਹ ਕਾਰਜ ਲਗਾਤਾਰ ਚਲਦਾ ਰਹਿੰਦਾ ਮਾਪੇ ਬੱਚਿਆਂ ਨੂੰ ਦੌਰੇ ਤੋਂ ਪਹਿਲਾਂ ਇਸ ਸਟੇਜੀ ਪਰਦਰਸ਼ਨ ਲਈ ਤਿਆਰ ਕਰਦੇ। ਤਿੰਨ ਸਾਲ ਦੇ ਬੱਚੇ ਤੋਂ ਲੈ ਕੇ 15-16 ਸਾਲਾਂ ਦੇ ਬੱਚੇ ਅਤੇ ਫਿਰ ਨੌਜਵਾਨ ਆਪਣੀ ਸੰਥਿਆ ਸਤਿਗੁਰੂ ਜੀ ਨੂੰ ਸੁਣਾਉਂਦੇ। ਸ੍ਰੀ ਸਤਿਗੁਰੂ ਜੀ ਜਿਥੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਦੇ ਓਥੇ ਉਹਨਾਂ ਦੇ ਉਸਤਾਦਾਂ ਨੂੰ ਬੱਚਿਆਂ ਦੀ ਕਲਾ ਨੂੰ ਹੋਰ ਵਧੀਆ ਕਰਨ ਲਈ ਵੱਖ-ਵੱਖ ਸੁਝਾਹ ਦਿੰਦੇ। ਇਸ ਤਰ੍ਹਾਂ ਇਹਨਾਂ ਸਿਖਿਆਰਥੀ ਬੱਚਿਆਂ ਵਿੱਚ ਲਗਾਤਾਰ ਵਾਧਾ ਹੋਇਆ ਹੈ। ਸਥਾਨਕ ਬੱਚੇ ਆਸਾ ਦੀ ਵਾਰ ਦਾ ਕੀਰਤਨ ਵੀ ਸੁਣਾਉਨਦੇ, ਦੀਵਾਨ ਲਾਉਂਦੇ, ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ।

**ਧਰਮ ਸੰਮੇਲਨ–** ਇਸ ਦੌਰੇ ਵਿੱਚ ਇਕ ਹੋਰ ਇਤਿਹਾਸਿਕ ਕਾਰਜ ਆਪਨੇ ਸੰਪੂਰਨ ਕੀਤਾ। ਵਿਸ਼ਵ ਸ਼ਾਂਤੀ ਅਤੇ ਧਾਰਮਿਕ ਕੱਟੜਤਾ ਕਾਰਨ ਦਰਪੇਸ਼ ਹੋਈਆਂ ਮੁਸ਼ਕਿਲਾਂ ਦਾ ਹੱਲ ਲੱਭਣ ਲਈ ਆਪ ਦੀ ਅਗਵਾਈ ਹੇਠ ਬਰੈਂਪਟਨ ਦੀ ਸਾਧ ਸੰਗਤ ਨੇ ਇਕ ਧਰਮ ਸੰਮੇਲਨ 10-7-24 ਨੂੰ ਆਯੋਜਨ ਕੀਤਾ। ਇਹ ਸੰਮੇਲਨ ਦਾ ਵਿਸ਼ਾ ਸੀ- intertaitb in sights: building Bridges of Humaninty ਇਸ ਵਿੱਚ ਸੱਤ ਵੱਖ-ਵੱਖ ਧਰਮਾਂ ਦੇ ਮੁੱਖ ਬੁਲਾਰਿਆਂ ਨੇ ਭਾਗ ਲਿਆ ਸੰਸਾਰ ਵਿੱਚ ਅਮਨ ਕਿਵੇਂ ਸਥਾਪਿਤ ਹੋ ਸਕੇ ਇਸ ਬਾਰੇ ਵਿਚਾਰਾਂ ਕੀਤੀਆਂ ਗਈਆਂ। ਸੰਸਾਰ ਭਰ ਵਿੱਚ ਰਹੀ ਕੱਟੜਤਾ, ਭੇਦਭਾਵ, ਵਿਤਕਰੇ ਨੂੰ ਕਿਵੇਂ ਠੱਲ ਪਾਈ ਜਾਵੇ ਇਸ ਬਾਰੇ ਸਾਰੇ ਧਰਮਾਂ ਦੇ ਬੁਲਾਰਿਆਂ ਨੇ ਆਪਣ-ਆਪਣਾ ਪੱਖ ਰੱਖਿਆ।

**ਸੇਵਾ–** ਸਿੱਖ ਧਰਮ ਵਿੱਚ ਸੇਵਾ ਦਾ ਮੁੱਖ ਥਾਂ ਹੈ। ਸੇਵਾ ਕਰਦੇ ਸੇਵਕ ਇਸ ਘਰ ਵਿੱਚ ਸਾਹਿਬ ਬਣ ਗਏ। ਇਹ ਲਾਗ ਹਰ ਸਿੱਖ ਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਲੱਗੀ ਹੈ। ਇਸ ਸਾਰੇ ਦੌਰੇ ਵਿੱਚ ਮੈਂ ਦੇਖਿਆ ਸਿੱਖਾਂ, ਨੌਜਵਾਨਾਂ ਨੇ ਬਹੁਤ ਸੇਵਾ ਕੀਤੀ। ਪਦਾਰਥਕ ਬਹੁਤਾਤ ਰਹੀ। ਸੂਬਾ ਰੇਸ਼ਮ ਸਿੰਘ ਘਰ ਜਦੋਂ ਸਤਿਗੁਰੂ ਜੀ 16 ਜੁਲਾਈ ਨੂੰ ਆਏ

ਤਾਂ ਬੀਬੀ ਰਾਣੀ ਨੇ 20 ਤੋਂ ਵੱਧ ਵੱਖ-ਵੱਖ ਪਦਾਰਥ ਛੱਕਣ ਲਈ ਬਣਾਏ ਸਨ ਜਿਨ੍ਹਾਂ ਨੂੰ ਵੇਖ ਰਾਗੀ ਬਲਵੰਤ ਸਿੰਘ ਜੀ ਨੇ ਕਿਹਾ ਕਿੱਤੇ ਇਹ ਦੌਰਾ ਇਕ ਦਿਨ ਤੇ ਨਹੀਂ ਸਮਝ ਰਹੇ। ਭਾਵ ਅਗਲੇ ਦੱਸ ਦਿਨ ਵੀ ਇਹ ਜਲਵਾ ਦੇਖਣ ਨੂੰ ਮਿਲਦਾ ਰਿਹਾ। ਸੰਗਤ ਭਾਂਵੇ ਵੈਨਕੂਵਰ ਦੀ ਸੀ ਜਾਂ ਐਡਮੈਂਟਨਨ ਜਾਂ ਵਿੰਨੀਪੈਗ ਜਾਂ ਕੈਲਗਿਰੀ ਦਾ ਸਹਿਯੋਗ ਦਿੱਤਾ।

**ਮਿੰਨੀ ਭੈਣੀ ਸਾਹਿਬ-** ਕੈਨੇਡਾ ਬਰੈਂਪਟਨ ਤੋਂ ਬਾਹਰ ਕੈਲਡਨ ਪਿੰਡ ਦੇ ਨੇੜੇ ਸ੍ਰੀ ਸਤਿਗੁਰੂ ਜੀ ਨੇ ਸੰਗਤ ਦੀ ਸੁੱਖ ਸੂਹਲਤ ਲਈ 97 ਏਕੜ ਦਾ ਇਕ ਫਾਰਮ 22 ਜੁਲਾਈ 2012 ਈ. ਵਿੱਚ ਖਰੀਦਿਆ ਸੀ। ਇਸ ਫਾਰਮ ਵਿੱਚ ਦੋ ਕੋਠੀਆਂ ਜਿਨ੍ਹਾਂ ਵਿੱਚ ਤਕਰੀਬਨ ਕਮਰੇ ਅਤੇ 5 ਹਾਲ ਹਨ। ਜਿਸ ਵਿੱਚ ਇਸ ਵਾਰੀ 110 ਤੋਂ ਵੱਧ ਫੈਮਲੀਆਂ ਦੇ ਡੇਰੇ ਸੀ ਸ੍ਰੀ ਸਤਿਗੁਰੂ ਜੀ ਦਾ ਡੇਰਾ ਵੀ ਇਸ ਵਿੱਚ ਬਣੀ ਕੋਠੀ ਦੀ ਦੂਸਰੀ ਮੰਜਲ ਤੇ ਸੀ। ਇਸ ਜਮੀਨ ਵਿੱਚ ਇਕ ਖੁੱਲ੍ਹਾ ਪੰਡਾਲ ਬਣਾਇਆ ਗਿਆ ਜਿਸ ਵਿੱਚ 800 ਤੋਂ ਹਜ਼ਾਰ ਤੱਕ ਸੰਗਤ ਬੈਠ ਸਕਦੀ ਸੀ। ਵੀਕੈਂਡ ਵਾਲੇ ਦਿਨ ਸੰਗਤ ਦੀ ਗਿਣਤੀ 1500 ਤੱਕ ਪਹੁੰਚ ਜਾਂਦੀ ਸੀ। ਖੁਲੀ ਡੁੱਲੀ ਜਗ੍ਹਾ ਵਿੱਚ ਸੰਗਤ ਦੀ ਆਮਦ ਨਾਲ ਇਸ ਜਗ੍ਹਾ ਮਿੰਨੀ ਭੈਣੀ ਸਾਹਿਬ ਹੀ ਪ੍ਰਤੀਤ ਹੁੰਦੀ। ਇਥੇ ਬੱਚਿਆਂ ਦੇ ਖੇਡਣ ਲਈ ਪ੍ਰਬੰਧਕਾਂ ਵਲੋਂ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ।

**ਪਾਤਰ ਜੀ ਦੀ ਯਾਦ ਵਿੱਚ ਸਮਾਗਮ-** ਸੁਰਜੀਤ ਸਿੰਘ ਪਾਤਰ ਪੰਜਾਬੀ ਦੇ ਨਾਮਵਰ ਸ਼ਾਇਰ 11 ਮਈ 2024 ਨੂੰ ਅਚਾਨਕ ਵਿਛੋੜਾ ਦੇ ਗਏ। ਪੰਜਾਬੀ ਪ੍ਰੇਮੀਆਂ ਵਲੋਂ ਉਹਨਾਂ ਦੀ ਯਾਦ ਵਿੱਚ ਅਨੇਕਾਂ ਸਮਾਗਮ ਹੋਏ। ਨਾਮਧਾਰੀ ਪੰਥ ਨਾਲ ਪਾਤਰ ਜੀ ਦਾ ਵਿਸ਼ੇਸ਼ ਸਨੇਹ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਹੋਈਆਂ ਮੁਲਾਕਾਤਾਂ ਨੂੰ ਉਹਨਾਂ ਨੇ ਆਪਣੀਆਂ ਕਵਿਤਾਵਾਂ ਰਾਂਹੀ ਬਿਆਨ ਕੀਤਾ ਹੈ। ਪਿਛਲੇ ਛੇ ਮਹੀਨਿਆਂ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਉਹ ਇਕ ਫਿਲਮ ਦੀ ਸਕਰਿਪਟ ਲਿਖ ਰਹੇ ਸੀ। ਇਸ ਦੇ ਸਿਲਸਿਲੇ ਵਿੱਚ ਉਹ ਅਕਸਰ ਹਜ਼ੂਰ ਸਤਿਗੁਰੂ ਜੀ ਨੂੰ ਮਿਲਣ ਸ੍ਰੀ ਭੈਣੀ ਸਾਹਿਬ ਆਉਂਦੇ ਰਹੇ। ਉਹਨਾਂ ਦੇ ਇਸ ਸਨੇਹ ਸਦਕਾ ਨਾਮਧਾਰੀ ਪੰਥ ਵਲੋਂ 21 ਜੁਲਾਈ 2024 ਨੂੰ ਇਸ ਨਾਮਧਾਰੀ ਗੁਰਦੁਆਰੇ ਵਿੱਚ ਸਮਾਗਮ ਰੱਖਿਆ ਗਿਆ। ਇਸ ਸਮਾਗਮ ਸਮੇਂ ਸਟੇਜ ਸਕੱਤਰ ਦੀ ਭੂਮਿਕਾ ਅਜੀਤ ਸਿੰਘ ਲਾਇਲ ਨੇ ਨਿਭਾਈ ਮੁੱਖ ਬੁਲਾਰੇ- ਡਾ. ਸੁਖਪਾਲ ਸਿੰਘ, ਪਿਆਰਾ ਸਿੰਘ ਕੁਦੋਵਾਲ, ਵਰਿਆਮ ਸਿੰਘ ਸੰਧੂ ਅਤੇ ਸੇਵਕ ਹਰਪਾਲ ਸਿੰਘ ਜੀ ਨੇ ਪਾਤਰ ਜੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਸ੍ਰੀ ਸਤਿਗੁਰੂ ਜੀ ਨੇ ਅੰਤ ਉਪਦੇਸ਼ ਦੀ ਕਿਰਪਾ ਕੀਤੀ ਤੇ ਦੱਸਿਆ ਕਿਵੇਂ ਪਾਤਰ ਜੀ ਨਾਮਧਾਰੀ ਪੰਥ ਨਾਲ ਇਕਸੁਰਤ ਰੱਖਦੀ ਸੀ। ਇਸ ਦੌਰੇ ਨੇ ਕਈ ਇਤਿਹਾਸਿਕ ਮੀਲ ਪੱਥਰ ਸਥਾਪਿਤ ਕੀਤੇ।

.......................................................

## ਗੀਤ

ਸਤਿਗੁਰੂ ਉਦੇ ਸਿੰਘ ਜੀ, ਰੱਖੀਂ ਚਰਨਾ ਦੇ ਨਾਲ ਲਗਾ ਕੇ।
ਦੁਖੀਆਂ ਦੇ ਦੁੱਖ ਟੁੱਟਦੇ, ਤੇਰੇ ਦੀਦ ਦਾ ਨਜ਼ਾਰਾ ਪਾ ਕੇ।

ਗੁਰੂ ਜਗਜੀਤ ਸਿੰਘ ਜੀ, ਲਿਆ ਪਰਖ ਕੀਮਤੀ ਹੀਰਾ।
ਗਹਿਰ ਗੰਭੀਰ ਗੁਰੂ, ਠੰਡੀ ਮੂਰਤੀ ਹੌਸਲਾ ਧੀਰਾ।
ਅੰਮ੍ਰਿਤ ਝਰੇ ਮੁੱਖ ਚੋਂ, ਜਾਵੀਂ ਬੂੰਦ ਸਵਾਂਤ ਪਿਆ ਕੇ।
ਸਤਿਗੁਰੂ ਉਦੇ ਸਿੰਘ ਜੀ, ਰੱਖੀਂ ਚਰਨਾ ਦੇ ਨਾਲ ਲਗਾ ਕੇ।

ਚੰਚਲ ਮਨ ਚੰਦਰਾ, ਨਿੱਤ ਪਾਰੇ ਵਾਗੂੰ ਡੋਲੇ ਖਾਵੇ।
ਤੇਰੇ ਉਪਦੇਸ਼ ਦੀ ਥੰਮੀ, ਮਨ ਕਰਦੀ ਟਿਕਾਣੇ ਜਾਵੇ।
ਚੰਨ ਜਿਹੇ ਮੁੱਖੜੇ ਤੋਂ, ਜਾਵੀਂ ਮਿੱਠੜੇ ਦੋ ਬੋਲ ਸੁਣਾ ਕੇ।
ਸਤਿਗੁਰੂ ਉਦੇ ਸਿੰਘ ਜੀ, ਰੱਖੀਂ ਚਰਨਾ ਦੇ ਨਾਲ ਲਗਾ ਕੇ।

ਸੋਮਾ ਰਹਿਮਤ ਦਾ, ਫਿਰੇਂ ਨਿਹਮਤਾਂ ਰੋਜ ਵਰਤਾਉਂਦਾ।
ਗੁਰ ਜਗਜੀਤ ਵਾਂਗਰਾਂ, ਤੂੰ ਵੀ ਰੰਕਾਂ ਨੂੰ ਰਾਜ ਬਹਾਉਂਦਾ।
ਬਰਕਤ ਓਥੇ ਵੱਸਦੀ, ਜਾਵੇਂ ਜਿਸ ਥਾਂ ਤੇ ਚਰਨ ਛੁਹਾ ਕੇ।
ਸਤਿਗੁਰੂ ਉਦੇ ਸਿੰਘ ਜੀ, ਰੱਖੀਂ ਚਰਨਾ ਦੇ ਨਾਲ ਲਗਾ ਕੇ।

ਜਾਚ ਦੱਸੇ ਸਦਾ ਜੀਣ ਦੀ, ਸਿੱਖੀ ਸਾਦਗੀ ਅਸਲ ਮਰਿਆਦਾ।
ਨਾਮ ਬਾਣੀ ਨਾਲ ਜੋੜ ਕੇ, ਕਰੇ ਜਿੰਦਗੀ ਸੁਖਾਲੀ ਜਿਆਦਾ।
ਅੱਖਰ ਤੇਰੇ ਨਾਮ ਦੇ, ਰੱਖੇ ਦਿਲ ਉੱਤੇ ਬਾਜਵੇ ਲਿਖਾ ਕੇ।
ਸਤਿਗੁਰੂ ਉਦੇ ਸਿੰਘ ਜੀ, ਰੱਖੀਂ ਚਰਨਾ ਦੇ ਨਾਲ ਲਗਾ ਕੇ।

**ਲਖਵਿੰਦਰ ਸਿੰਘ ਬਾਜਵਾ**

.......................................................

# ਸਿੱਖ ਜਰਨੈਲ ਬੰਦਾ ਸਿੰਘ ਬਹਾਦੁਰ ਦੀ ਸਮਾਣੇ ਦੀ ਮੁਹਿੰਮ

**ਲੇਖਕ-ਕਮੋਡੋਰ ਗੁਰਨਾਮ ਸਿੰਘ, ਰਿਟਾਇਰਡ, ਇਡੀਅਨ ਨੇਵੀ**

**ਮੋਬਾਈਲ 9818159944**

ਬੰਦਾ ਸਿੰਘ ਨੇ ਹਿੰਦੁਸਤਾਨ ਦੇ ਦੱਖਣ ਦੇ ਨਾਂਦੇੜ ਸ਼ਹਿਰ ਵਿਚ ਆਪਣੀ ਉਮਰ ਦੇ 16 ਸਾਲ ਗੁਜ਼ਾਰੇ ਸਨ ਪਰ ਹੁਣ ਉਸ ਨੇ ਨਾਂਦੇੜ ਸ਼ਹਿਰ, ਗੋਦਾਵਰੀ ਨਦੀ ਅਤੇ ਆਪਣੇ ਡੇਰੇ ਨੂੰ ਅਲਵਿਦਾ ਕਹਿ ਦਿੱਤੀ ਸੀ। ਉਸ ਨੇ ਫ਼ਿਰ ਨਾਂਦੇੜ ਵਾਪਸ ਨਹੀਂ ਆਉਣਾ ਸੀ। ਇਸ ਤੋਂ ਬਾਅਦ ਬੰਦਾ ਸਿੰਘ ਫ਼ਿਰ ਨਾਂਦੇੜ ਵਾਪਸ ਨਹੀਂ ਗਿਆ। ਦੱਖਣ ਤੋਂ ਹਿੰਦੁਸਤਾਨ ਦੇ ਉੱਤਰ ਵੱਲ ਦਾ ਸਫ਼ਰ ਕੋਈ ਡੇਢ ਹਜ਼ਾਰ ਕਿਲੋਮੀਟਰ ਦਾ ਸੀ, ਤਰ੍ਹਾਂ ਤਰ੍ਹਾਂ ਦੇ ਬੀਹੜ ਇਲਾਕਿਆਂ ਵਿਚੋਂ ਹੋ ਕੇ ਲੰਘਦਾ ਸੀ ਅਤੇ ਹਰ ਪੱਖੋਂ ਮੁਸ਼ਕਿਲ ਅਤੇ ਔਖਾ ਸੀ।

ਸੰਨ 1709 ਦੇ ਮਗਰਲੇ ਅੱਧ ਵਿਚ, ਬਾਦਸ਼ਾਹ ਬਹਾਦੁਰ ਸ਼ਾਹ ਹਾਲੀ ਦੱਖਣ ਦੇ ਮਾਮਲਿਆਂ ਨੂੰ ਨਜਿੱਠਣ ਲਈ ਦੱਖਣ ਵਿਚ ਹੀ ਮੁਕੀਮ ਸੀ ਜਦੋਂ ਨਾਂਦੇੜ ਤੋਂ ਚੱਲਣ ਤੋਂ ਲੱਗਭੱਗ ਇਕ ਸਾਲ ਦੇ ਮੁਸ਼ਕਿਲ ਸਫ਼ਰ ਤੋਂ ਬਾਅਦ ਬੰਦਾ ਸਿੰਘ ਅਗਸਤ 1709 ਵਿਚ ਆਪਣੇ ਦਲ ਨਾਲ ਮਾਲਵੇ ਦੇ ਖੇਤਰ ਵਿਚ, ਦਰਿਆ ਸਤਲੁਜ ਤੇ ਸਰਹੰਦ ਸ਼ਹਿਰ ਦੇ ਵਿਚਲੇ ਇਲਾਕੇ ਵਿਚ, ਆ ਪ੍ਰਗਟ ਹੋਇਆ। ਉਸ ਵੇਲੇ ਦਰਿਆ ਜਮਨਾ ਅਤੇ ਦਰਿਆ ਸਤਲੁਜ ਦੇ ਵਿਚ ਦਾ ਇਲਾਕਾ ਇਸ ਦੁਆਬ ਦੇ ਸਰਹੰਦ ਸ਼ਹਿਰ ਦੇ ਮੁਗ਼ਲਾਂ ਦੇ ਤਾਕਤਵਰ ਸੂਬੇਦਾਰ ਅਤੇ ਫ਼ੌਜਦਾਰ 74 ਸਾਲਾਂ ਦੀ ਉਮਰ ਦੇ ਵਜ਼ੀਰ ਖਾਂ ਦੀ ਅਮਲਦਾਰੀ ਵਿਚ ਸੀ। ਇਹ ਵਜ਼ੀਰ ਖਾਂ ਸਿੱਖਾਂ ਦਾ ਦੋਸ਼ੀ ਸੀ ਅਤੇ ਬੰਦਾ ਸਿੰਘ ਦੇ ਨਿਸ਼ਾਨੇ ਉੱਤੇ ਸੀ।

ਬੰਦਾ ਸਿੰਘ ਨੇ ਸਿੱਖ ਕਿਰਸਾਨਾਂ ਅਤੇ ਕਾਸ਼ਤਕਾਰਾਂ ਵਿਚ ਵਿਚਰ ਕੇ ਉਹਨਾਂ ਨੂੰ ਆਪਣੀ ਹਥਿਆਰਬੰਦ ਫ਼ੌਜ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਉੱਦਮ ਰੰਗ ਲਿਆਏ ਅਤੇ ਉਸ ਦੀ ਫ਼ੌਜ ਵਿਚ ਭਰਤੀ ਹੋਣ ਲਈ ਲੋਗ ਆਉਣੇ ਸ਼ੁਰੂ ਹੋ ਗਏ। ਇਸ ਦਿਨੋਂ ਦਿਨ ਵੱਡੀ ਹੁੰਦੀ ਜਾ ਰਹੀ ਫ਼ੌਜ ਲਈ ਹਥਿਆਰ ਅਤੇ ਹੋਰ ਜੰਗੀ ਸਮਾਨ ਚਾਹੀਦਾ ਸੀ ਅਤੇ ਇਸ ਲਈ ਹੁਣ ਧਨ ਚਾਹੀਦਾ ਸੀ। ਇਸ ਲਈ ਉਸ ਨੇ ਸੋਨੀਪਤ ਅਤੇ ਕੈਥਲ ਵਿਚ ਮੁਗ਼ਲ ਸਲਤਨਤ ਦੀਆਂ ਟਕਸਾਲਾਂ ਅਤੇ ਖਜ਼ਾਨਿਆਂ ਤੇ ਹਮਲੇ ਕਰ ਕੇ ਉਹਨਾਂ ਨੂੰ ਲੁੱਟ ਕੇ ਲੋੜੀਂਦਾ ਧਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਇਹ ਖੇਤਰ ਅਜਕਲ ਦੇ ਹਰਿਆਣੇ ਰਾਜ ਵਿਚ ਹੈ।

ਓਦੋਂ ਇਹ ਸਾਰਾ ਇਲਾਕਾ ਸਰਹੰਦ ਦੇ ਮੁਗ਼ਲ ਫ਼ੌਜਦਾਰ ਵਜ਼ੀਰ ਖਾਂ ਦੀ ਫ਼ੌਜਦਾਰੀ ਵਿਚ ਸੀ। ਵਜ਼ੀਰ ਖਾਂ ਬੜਾ ਕੱਟੜ ਤੇ ਜ਼ਾਲਮ ਹਾਕਮ ਸੀ। ਗੁਰੂ ਸਾਹਿਬ ਨਾਲ ਚਿਰ ਤੋਂ ਦੁਸ਼ਮਣੀ ਰੱਖਦਾ ਸੀ ਅਤੇ ਆਪਣਾ ਵੈਰ ਕਮਾਉਣ ਵਿਚ ਕੋਈ ਮੌਕਾ ਹੱਥੋਂ ਨਹੀਂ ਜਾਣ ਦੇਂਦਾ ਸੀ। ਉਸ ਨੇ ਸ਼੍ਰੀ ਆਨੰਦਪੁਰ ਸਾਹਿਬ, ਚਮਕੌਰ ਅਤੇ ਹੋਰ ਲੜਾਈਆਂ ਵਿਚ ਵੀ ਪਹਾੜੀ ਰਾਜਿਆਂ ਨਾਲ ਮਿਲ ਕੇ ਗੁਰੂ ਸਾਹਿਬ ਨਾਲ ਆਪਣੀ ਦੁਸ਼ਮਣੀ ਅਤੇ ਵੈਰ ਦਾ ਸਬੂਤ ਦਿੱਤਾ ਸੀ। ਉਹ ਹੀ ਛੋਟੇ ਸਾਹਬਜ਼ਾਦਿਆਂ ਦੀ ਸ਼ਹੀਦੀ ਲਈ ਨਿੱਜੀ ਤੌਰ ਤੇ ਸਿੱਧਾ ਜ਼ਿੰਮੇਦਾਰ ਸੀ।

ਬੰਦਾ ਸਿੰਘ ਨੇ ਮਾਲਵੇ ਦੇ ਖੇਤਰ ਵਿਚ ਪਹੁੰਚ ਕੇ ਆਪਣੇ ਦਲ ਦੀ ਫ਼ੌਜੀ ਪੱਖਾਂ ਤੋਂ ਮਜ਼ਬੂਤੀ ਲਈ ਕੰਮ ਆਰੰਭ ਦਿੱਤਾ। ਉਸ ਨੇ ਮਾਲਵੇ ਅਤੇ ਮਾਝੇ ਦੇ ਸਿੱਖਾਂ ਨਾਲ ਸੰਪਰਕ ਸਥਾਪਤ ਕਰ ਕੇ ਉਹਨਾਂ ਨੂੰ ਗੁਰੂ ਸਾਹਿਬ ਦੇ ਹੁਕਮਨਾਮੇ ਤੋਂ ਜਾਣੂੰ ਕਰਵਾਉਣ ਲਈ ਸੁਨੇਹੇ ਤੇ ਸੰਦੇਸ਼ ਭੇਜਣੇ ਸ਼ੁਰੂ ਕਰ ਦਿੱਤੇ। ਕਈ ਪਾਸਿਆਂ ਵਲ ਇਹ ਸੁਨੇਹੇਂ ਸੀਨਾ-ਬ-ਸੀਨਾ ਦੇਣ ਲਈ ਘੁੜਸਵਾਰਾਂ ਰਾਹੀਂ ਦਸਤੀ ਭੇਜੇ ਗਏ। ਹੌਲੀ ਹੌਲੀ ਬੰਦਾ ਸਿੰਘ ਨੂੰ ਸਤਲੁਜ ਦੇ ਇਸ ਪਾਰ ਦੇ ਮਾਲਵੇ ਵਿਚੋਂ, ਸਤਲੁਜ ਤੋਂ ਪਾਰ ਦੇ ਮਾਝੇ ਵਿਚੋਂ ਅਤੇ ਸਤਲੁਜ-ਬਿਆਸ ਦੀ ਬਿਸਤ ਦੁਆਬ ਵਿਚ ਵਸਦੇ ਸਿੱਖਾਂ ਵਲੋਂ ਹੁੰਗਾਰੇ ਮਿਲਣੇ ਸ਼ੁਰੂ ਹੋ ਗਏ। ਅੱਡ ਅੱਡ ਥਾਵਾਂ ਤੋਂ ਸਿੱਖ ਜਥੇਬੰਦ ਹੋ ਕੇ ਇਕ-ਇਕ, ਦੋ-ਦੋ, ਚਾਰ-ਚਾਰ ਹੋ ਕੇ, ਆਪਣੀ ਸਮਰਥਾ ਅਨੁਸਾਰ ਹਥਿਆਰਬੰਦ ਹੋ ਕੇ, ਬੰਦਾ ਸਿੰਘ ਕੋਲ ਪਹੁੰਚਣ ਲਗ ਪਏ। ਜਿਨ੍ਹਾਂ ਕੋਲ ਆਪਣੇ ਘੋੜੇ ਸਨ ਉਹ ਘੋੜਿਆਂ ਸਮੇਤ ਆਏ। ਬਾਕੀ ਜਿਹੜੇ ਆਪ ਨਹੀਂ ਆਏ ਸਨ ਉਹਨਾਂ ਨੇ ਆਪਣੀ ਸ਼ਰਧਾ ਅਨੁਸਾਰ ਸਰਦੀ ਬਣਦੀ ਕਈ ਤਰ੍ਹਾਂ ਦੀ ਮਦਦ ਭੇਜੀ।

ਪੰਜਾਬ ਵਿਚ ਵੱਖ ਵੱਖ ਥਾਵਾਂ ਤੇ ਰਹਿਣ ਵਾਲੇ ਸਿੱਖ ਭਾਈਚਾਰੇ ਨੇ ਬੰਦਾ ਸਿੰਘ ਨੂੰ ਧਨ ਤੇ ਰਸਦ ਆਦਿ ਦੀ ਇਮਦਾਦ ਇਕੱਤਰ ਕਰ ਕੇ ਭੇਜਣ ਦੇ ਵੀ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ। ਬੰਦਾ ਸਿੰਘ ਦੀ ਫ਼ੌਜ ਦੀ ਨਫ਼ਰੀ ਵਧਣ ਲਗ ਪਈ। ਪਰ ਉਸ ਨੂੰ ਹੋਰ ਲੜਾਕੂ ਸਿਪਾਹੀਆਂ ਦੀ, ਧਨ ਦੀ,

ਹਥਿਆਰਾਂ ਦੀ ਅਤੇ ਘੋੜਿਆਂ ਦੀ ਹਾਲੀ ਬਹੁਤ ਲੋੜ ਸੀ। ਮੁਗ਼ਲੀਆ ਹਕੂਮਤ ਦੀ ਦੋ ਸੌ ਸਾਲਾਂ ਤੋਂ ਪੁਰਾਣੀ ਅਤੇ ਸਾਰੇ ਹਿੰਦੁਸਤਾਨ ਉੱਤੇ ਹਕੂਮਤ ਕਰ ਰਹੀ ਪੱਕੀ ਤਰ੍ਹਾਂ ਪੈਰ ਜਮਾ ਕੇ ਬੈਠੀ ਤਾਕਤ ਨੂੰ ਵੰਗਾਰ ਕੇ ਚੁਣੌਤੀ ਦੇਣ ਲਈ ਉਸ ਨੂੰ ਕੋਈ ਆਪਣੀ ਥਾਂ ਵੀ ਚਾਹੀਦੀ ਸੀ ਜਿਸ ਨੂੰ ਉਹ ਆਪਣਾ ਫ਼ੌਜੀ ਕੇਂਦਰ ਜਾਂ ਆਪਣੀ ਛਾਉਣੀ ਬਣਾ ਸਕੇ। ਸਿੱਖ ਫ਼ੌਜ ਦੀ ਵਧਦੀ ਗਿਣਤੀ ਦੇ ਕਾਰਣ ਸਿੱਖਾਂ ਦੀ ਕੋਈ ਆਪਣੀ ਥਾਂ ਹੋਣ ਦੀ ਇਹ ਲੋੜ ਹੋਰ ਵੀ ਜ਼ਰੂਰੀ ਹੁੰਦੀ ਜਾ ਰਹੀ ਸੀ।

ਬੰਦਾ ਸਿੰਘ ਕੋਲ ਹੁਣ ਉਸ ਦੀ ਫ਼ੌਜ ਵਿਚ ਸ਼ਾਮਲ ਹੋਣ ਲਈ ਸਿੱਖਾਂ ਤੋਂ ਇਲਾਵਾ ਹੋਰ ਲੋਕ ਵੀ ਇਕੱਠੇ ਹੋਣ ਲਗ ਪਏ ਸਨ। ਉਸ ਦੀ ਅਤੇ ਉਸ ਦੇ ਸਾਥੀ ਸਿੰਘਾਂ ਦੀ ਅਗਵਾਈ ਥੱਲੇ ਇਹ ਇਕੱਤਰਤਾ ਹੁਣ ਇਕ ਛੋਟੀ-ਮੋਟੀ ਫ਼ੌਜ ਦੀ ਸ਼ਕਲ ਅਖ਼ਤਿਆਰ ਕਰਦੀ ਜਾ ਰਹੀ ਸੀ। ਇਸ ਫ਼ੌਜ ਨੂੰ ਹਥਿਆਰਾਂ ਨਾਲ ਲੈਸ ਕਰਨ ਦੀ ਸਮੱਸਿਆ ਹਾਲੀ ਵੀ ਬਣੀ ਹੋਈ ਸੀ। ਤਰ੍ਹਾਂ-ਤਰ੍ਹਾਂ ਦੀਆਂ ਪਿਛੋਕੜਾਂ ਤੋਂ ਆਏ ਇਹਨਾਂ ਰੰਗਰੂਟਾਂ ਨੂੰ ਜਥੇਬੰਦ ਅਤੇ ਅਨੁਸ਼ਾਸਿਤ ਫ਼ੌਜ ਵਿਚ ਤਬਦੀਲ ਕਰਨ ਦਾ ਕੰਮ ਕਰਨਾ ਬਾਕੀ ਸੀ। ਉਹਨਾਂ ਨੌਸਿਖੀਏ ਸਿਪਾਹੀਆਂ ਨੂੰ ਫ਼ੌਜੀ ਅਨੁਸ਼ਾਸਨ ਵਿਚ ਰਹਿ ਕੇ ਲੜਣ ਦਾ ਅਭਿਆਸ ਕਰਾ ਕੇ ਹਥਿਆਰਬੰਦ ਤੇ ਭਰੋਸੇਮੰਦ ਸਿਪਾਹੀ ਬਨਾਉਣ ਦੀ ਪ੍ਰਕਿਰਿਆ ਹਾਲੀ ਸ਼ੁਰੂ ਕਰਨੀ ਬਾਕੀ ਸੀ।

ਉਸ ਵੇਲੇ ਦੀ ਮੁਗ਼ਲੀਆ ਹਕੂਮਤ ਦੀਆਂ ਸਿਆਸੀ ਪਰਿਸਥਿਤੀਆਂ ਵੀ ਇਕ ਤਰ੍ਹਾਂ ਨਾਲ ਬੰਦਾ ਸਿੰਘ ਦੀਆਂ ਛੇੜੀਆਂ ਮੁਹਿੰਮਾਂ ਲਈ ਮਾਕੂਲ ਅਤੇ ਵੱਤਰ ਸਨ। ਔਰੰਗਜ਼ੇਬ ਦੀ ਦੱਖਣ ਦੀ ਨੁਕਸਾਨਦੇਹ ਅਤੇ ਖਰਚੀਲੀ ਮੁਹਿੰਮ ਅਤੇ ਫ਼ਿਰ ਬਹਾਦੁਰਸ਼ਾਹ ਦੀ ਦੱਖਣ ਦੀ ਮੁਹਿੰਮ ਦੋਵੇਂ ਪਿਛਲੇ 30 ਸਾਲ ਚਲੀਆਂ ਸਨ। ਸੰਨ 1707 ਵਿਚ ਜਦੋਂ ਔਰੰਗਜ਼ੇਬ 89 ਸਾਲਾਂ ਦਾ ਹੋ ਕੇ ਮਰਿਆ ਸੀ ਓਦੋਂ ਮੁਗ਼ਲਾਂ ਦਾ ਦਿੱਲੀ ਵਿਚ ਸ਼ਾਹੀ ਖਜ਼ਾਨਾ ਖਾਲੀ ਹੋਣ ਦੀ ਕਗਾਰ ਤੇ ਸੀ। ਮਾਲਵੇ ਅਤੇ ਬਾਕੀ ਦੇ ਪੰਜਾਬ ਦੀਆਂ ਸਰਹੰਦ ਅਤੇ ਲਾਹੌਰ ਵਰਗੀਆਂ ਵੱਡੀਆਂ ਸੂਬੇਦਾਰੀਆਂ ਦੇ ਜ਼ਿਮੀਂਦਾਰਾਂ ਨੂੰ ਦਿੱਲੀ ਦੇ ਮੁਗ਼ਲ ਪ੍ਰਸ਼ਾਸਨ ਵੱਲੋਂ ਬਾਰ-ਬਾਰ ਸੁਨੇਹੇਂ ਆਉਂਦੇ ਸਨ ਅਤੇ ਵੱਧ ਤੋਂ ਵੱਧ ਮਾਲੀਆ ਅਤੇ ਲਗਾਨ ਇਕੱਠਾ ਕਰਕੇ ਭੇਜਣ ਦੀ ਮੰਗ ਵੀ ਕੀਤੀ ਜਾਂਦੀ ਸੀ ਅਤੇ ਉਸ ਨੂੰ ਛੇਤੀ ਤੋਂ ਛੇਤੀ ਭੇਜਣ ਲਈ ਤੜੀ ਵੀ ਦਿੱਤੀ ਜਾਂਦੀ ਸੀ।

ਇਸ ਦਾ ਅਸਰ ਇਹ ਸੀ ਕਿ ਇਹਨਾਂ ਇਲਾਕਿਆਂ ਦੀ ਮੁਗ਼ਲ ਅਫ਼ਸਰ-ਸ਼ਾਹੀ ਅਤੇ ਜ਼ਮੀਂਦਾਰ ਹਰ ਜੋਰ ਜਬਰ ਕਰਕੇ ਕਾਸ਼ਤਕਾਰਾਂ ਅਤੇ ਕਿਰਸਾਨਾਂ ਨੂੰ ਸ਼ਾਹੀ ਖਜ਼ਾਨੇ ਲਈ ਉਹਨਾਂ ਦੀ ਵਿੱਤ ਤੋਂ ਬਾਹਰਾ ਮਾਲੀਆ ਦੇਣ ਨੂੰ ਮਜਬੂਰ ਕਰਦੇ ਸਨ। ਨਾ ਦੇਣ ਤੇ ਮਾਰਦੇ ਕੁੱਟਦੇ ਸਨ, ਡੰਗਰ ਵੱਛੇ ਚੁੱਕ ਕੇ ਲੈ ਜਾਂਦੇ ਸਨ, ਉਹਨਾਂ ਦੀਆਂ ਔਰਤਾਂ ਦੀ ਪਾਣਪੱਤ ਨਾਲ ਖੇਡਦੇ ਸਨ। ਕਈ ਵਾਰੀ ਤਾਂ ਉਹਨਾਂ ਨੂੰ ਜ਼ਮੀਨਾਂ ਤੋਂ ਬੇਦਖਲ ਕਰ ਦੇਂਦੇ ਸਨ। ਸਰਹੰਦ ਸੂਬੇਦਾਰੀ ਦੇ ਹਿੰਦੂ ਅਤੇ ਸਿੱਖ ਕਾਸ਼ਤਕਾਰ ਅਤੇ ਦੇਸੀ ਮੁਸਲਮਾਨ ਇਸ ਮੁਗ਼ਲ ਅਫ਼ਸਰ ਸ਼ਾਹੀ ਦੇ ਏਦਾਂ ਦੇ ਜ਼ੁਲਮੀ ਰਵੱਈਏ ਤੋਂ ਬਹੁਤ ਦੁਖੀ ਸਨ ਅਤੇ ਆਪਣਿਆਂ ਇਸ਼ਟਾਂ ਮੂਹਰੇ ਮਿੰਨਤਾਂ, ਤਰਲੇ, ਅਰਦਾਸਾਂ ਅਤੇ ਅਰਜ਼ੋਈਆਂ ਕਰਦੇ ਸਨ ਕਿ ਕੋਈ ਅਜੇਹਾ ਰੱਬ ਦਾ ਬੰਦਾ ਆਵੇ ਜੋ ਉਹਨਾਂ ਨੂੰ ਇਸ ਹਰ ਰੋਜ਼ ਦੇ ਅੱਤਿਆਚਾਰ ਤੋਂ ਨਿਜਾਤ ਦਿਵਾਏ। ਲਗਦਾ ਸੀ ਉਹਨਾਂ ਦੀਆਂ ਅਰਜ਼ੋਈਆਂ ਸੁਣੀਆਂ ਗਈਆਂ ਸਨ।

ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਲ ਹੋਣ ਲਈ ਵੀ ਲੋਕ ਆਉਣੇ ਸ਼ੁਰੂ ਹੋ ਗਏ ਸਨ। ਜਿਨ੍ਹਾਂ ਕੋਲ ਆਪਣੀਆਂ ਜ਼ਮੀਨਾਂ ਸਨ ਅਤੇ ਜਿਨ੍ਹਾਂ ਦੀ ਮਾਲੀ ਹਾਲਤ ਚੰਗੀ ਸੀ ਉਹਨਾਂ ਨੇ ਵੀ ਬੰਦਾ ਸਿੰਘ ਦੀ ਹਿਮਾਇਤ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹਨਾਂ ਤੋਂ ਬੰਦਾ ਸਿੰਘ ਨੂੰ ਕਈ ਤਰ੍ਹਾਂ ਦੀਆਂ ਸੂਹਾਂ ਅਤੇ ਮੁਗ਼ਲ ਫ਼ੌਜਾਂ ਦੀ ਨਫ਼ਰੀ ਅਤੇ ਉਹਨਾਂ ਦੀ ਤੈਨਾਤੀ ਦੀਆਂ ਅਤੇ ਮੁਗ਼ਲ ਫ਼ੌਜੀ ਦਲਾਂ ਅਤੇ ਟੁਕੜੀਆਂ ਦੇ ਇਕ ਥਾਂ ਤੋਂ ਦੂਜੀ ਥਾਂ ਵਲ ਆਉਣ ਜਾਣ ਦਾ ਪਤਾ ਲਗਦਾ ਰਹਿੰਦਾ ਸੀ। ਇਸ ਤਰ੍ਹਾਂ ਉਸ ਨੂੰ ਆਪਣੀ ਮੁਹਿੰਮ ਲਈ ਦੁਸ਼ਮਨ ਦੀਆਂ ਫ਼ੌਜਾਂ ਦੀ ਗਿਣਤੀ ਅਤੇ ਉਹਨਾਂ ਦੀ ਤਿਆਰੀ ਆਦਿ ਦੀਆਂ ਖੁਫ਼ੀਆ ਖਬਰਾਂ ਮਿਲਦੀਆਂ ਰਹਿੰਦੀਆਂ ਸਨ ਜੋ ਉਸ ਲਈ ਬਹੁਤ ਲਾਭਵੰਦੀਆਂ ਸਾਬਤ ਹੁੰਦੀਆਂ ਸਨ। ਲੋਗ ਆਪਣੀ ਵਿੱਤ ਅਨੁਸਾਰ ਪੈਸੇ, ਰਸਦ, ਘੋੜਿਆਂ ਅਤੇ ਹਥਿਆਰਾਂ ਨਾਲ ਵੀ ਬੰਦਾ ਸਿੰਘ ਦੀ ਮਦਦ ਕਰ ਰਹੇ ਸਨ।

ਸਿਪਾਹੀਆਂ ਨੂੰ ਫ਼ੌਜੀ ਕਮਾਨ ਦੇ ਜੰਗੀ ਇਸ਼ਾਰਿਆਂ ਅਤੇ ਸੰਕੇਤਾਂ ਨੂੰ ਸਿੱਖਣ ਅਤੇ ਸਮਝਣ ਦੀ ਲੋੜ ਸੀ। ਇਸ ਲਈ ਉਸ ਨੇ ਆਪਣੀ ਨਵੀਂ ਨਵੀਂ ਗਠਿਤ ਹੋਈ ਫ਼ੌਜ ਨਾਲ ਇਹਨਾਂ ਲੁਟੇਰੇ ਗਿਰੋਹਾਂ ਦੀਆਂ ਥਾਵਾਂ ਬਾਰੇ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਫ਼ਿਰ ਉਹਨਾਂ ਦੇ ਟਿਕਾਣਿਆਂ ਤੇ ਧਾਵੇ ਕਰ ਕੇ ਉਹਨਾਂ ਨੂੰ ਨੇਸਤਾ ਨਬੂਦ ਕਰਨਾ ਸ਼ੁਰੂ ਕਰ ਦਿੱਤਾ। ਇਸ ਇਲਾਕੇ ਦੇ ਪਿੰਡਾਂ ਲਈ ਇਹ ਬੜੀ ਵੱਡੀ ਰਾਹਤ ਸੀ ਕਿਓਂ ਕਿ ਉਹ ਇਸ ਮੁਸੀਬਤ ਤੋਂ ਲੰਮੇਂ ਸਮੇਂ ਤੋਂ ਪਰੇਸ਼ਾਨ ਸਨ ਤੇ ਮੁਗਲ ਪ੍ਰਸ਼ਾਸਨ ਦੇ ਅਫ਼ਸਰ ਉਹਨਾਂ ਦੀਆਂ ਸ਼ਿਕਾਇਤਾਂ ਤੇ ਕੰਨ ਹੀ ਨਹੀਂ ਧਰਦੇ ਸਨ। ਲੋਕ ਭਲਾਈ ਦੇ ਅਜੇਹੇ ਕੰਮ ਕਰਨ ਨਾਲ ਇਸ ਖੇਤਰ ਦੇ

ਪਿੰਡਾਂ ਦੇ ਵਸਨੀਕਾਂ ਵਿਚ ਬੰਦਾ ਸਿੰਘ ਅਤੇ ਉਸ ਦੀ ਫ਼ੌਜ ਦੇ ਸਿੱਖਾਂ ਦੀਆਂ ਸਿਫ਼ਤਾਂ ਹੋਣ ਲਗ ਪਈਆਂ, ਉਹ ਸਰਾਹੇ ਜਾਣ ਲਗ ਪਏ ਤੇ ਉਹਨਾਂ ਦੀ ਸੋਭਾ ਹੋਣ ਲਗ ਪਈ।

ਇਹ ਬੰਦਾ ਸਿੰਘ ਦੀ ਫ਼ੌਜ ਦੀ ਗਠਨ ਦੇ ਸ਼ੁਰੂ ਦੇ ਦਿਨ ਸਨ। ਬਹੁਤੇ ਸਿਪਾਹੀ ਨਵੇਂ ਸਨ ਅਤੇ ਬੰਦਾ ਸਿੰਘ ਨੂੰ ਨਿੱਜੀ ਤੌਰ ਤੇ ਜਾਣਦੇ ਪਛਾਣਦੇ ਨਹੀਂ ਸਨ। ਹੁਣ ਉਹਨਾਂ ਨੇ ਵੇਖਿਆ ਕਿ ਬੰਦਾ ਸਿੰਘ ਬੇਖ਼ੌਫ਼ ਅਤੇ ਜੰਗਜੂਹ ਫ਼ੌਜੀ ਰਹਿਨੁਮਾ ਹੋਣ ਤੋਂ ਇਲਾਵਾ ਇਕ ਸਖ਼ੀ ਦਿਲ ਫ਼ੌਜੀ ਜਰਨੈਲ ਵੀ ਸੀ ਜਿਸ ਵਿਚ ਕੋਈ ਆਪਣਾ ਹਿਤ ਜਾਂ ਸੁਆਰਥ ਕੰਮ ਨਹੀਂ ਕਰਦਾ ਸੀ। ਇਕ ਚੰਗੇ ਫ਼ੌਜੀ ਜਰਨੈਲ ਵਾਂਗ ਉਹ ਫ਼ੌਜ ਵਿਚ ਅਨੁਸ਼ਾਸਨ ਤੇ ਜ਼ੋਰ ਦੇਂਦਾ ਸੀ ਪਰ ਨਾਲ ਨਾਲ ਉਹ ਆਪਣੇ ਫ਼ੌਜੀਆਂ ਦੇ ਹਿਤਾਂ ਅਤੇ ਉਹਨਾਂ ਦੇ ਭਲੇ ਦਾ ਵੀ ਸਦਾ ਖਿਆਲ ਰਖਦਾ ਸੀ। ਚੰਗੇ ਫ਼ੌਜੀ ਜਰਨੈਲ ਨੂੰ ਵਫ਼ਾਦਾਰ ਫ਼ੌਜ ਦੀ ਲੋੜ ਹੁੰਦੀ ਹੈ ਜੋ ਆਪਣੇ ਮਨੋਂ ਪੂਰੀ ਵਫ਼ਾਦਾਰੀ ਨਾਲ ਉਸ ਲਈ ਪੂਰਾ ਤਾਣ ਲਾ ਕੇ ਲੜਣ ਭਿੜਣ ਅਤੇ ਮਰਨ ਨੂੰ ਵੀ ਤਿਆਰ ਹੋਵੇ। ਸਾਮਰਿਕ ਮਾਮਲਿਆਂ ਵਿਚ ਬੰਦਾ ਸਿੰਘ ਉੱਚ ਪਾਏ ਦਾ ਫ਼ੌਜੀ ਜਰਨੈਲ ਸਾਬਤ ਹੋ ਰਿਹਾ ਸੀ।

### ਸਮਾਣੇ ਤੇ ਹਮਲਾ

ਹੁਣ ਬੰਦਾ ਸਿੰਘ ਨੇ ਸਮਾਣੇ ਸ਼ਹਿਰ ਤੇ ਚੜ੍ਹਾਈ ਕਰਨ ਦਾ ਫ਼ੈਸਲਾ ਕਰ ਲਿਆ। ਸਮਾਣਾ ਇਸ ਖੇਤਰ ਦਾ ਮੁਗਲਾਂ ਦਾ ਵੱਡਾ ਗੜ੍ਹ ਸੀ। ਏਥੇ ਵੱਡੇ ਅਹੁਦੇਦਾਰਾਂ, ਅਮੀਰ ਉਮਰਾ, ਮਨਸਬਦਾਰਾਂ, ਜ਼ਮੀਦਾਰਾਂ ਅਤੇ ਫ਼ੌਜੀ ਅਫ਼ਸਰਾਂ ਦੇ ਵੱਡੇ ਵੱਡੇ ਘਰ, ਮਹਿਲ ਮਾੜੀਆਂ ਅਤੇ ਹਵੇਲੀਆਂ ਸਨ। ਸਮਾਣੇ ਨੇ ਆਪਣੇ ਬਚਾਅ, ਹਿਫ਼ਾਜ਼ਤ ਅਤੇ ਰਖਵਾਲੀ ਦੇ ਪੁਖ਼ਤਾ ਇੰਤਜ਼ਾਮ ਕੀਤੇ ਹੋਏ ਸਨ। ਏਥੋਂ ਦੇ ਫ਼ੌਜਦਾਰ ਨੂੰ ਆਪਣੇ ਇਹਨਾਂ ਸੁਰੱਖਿਆ ਦੇ ਇੰਤਜ਼ਾਮਾਂ ਉੱਤੇ ਬੜਾ ਨਾਜ਼, ਫ਼ਖ਼ਰ ਅਤੇ ਭਰੋਸਾ ਸੀ ਅਤੇ ਉਹ ਆਪਣੇ ਸਮਾਣੇ ਸ਼ਹਿਰ ਦੀ ਰਖ਼ਵਾਲੀ ਦੇ ਇਹਨਾਂ ਸੁਰੱਖਿਆ ਦੇ ਇੰਤਜ਼ਾਮਾਂ ਉੱਤੇ ਮਾਣ ਕਰਦਾ ਹੋਇਆ ਇਤਰਾਉਂਦਾ ਸੀ ਅਤੇ ਉਹਨਾਂ ਦਾ ਬਹੁਤ ਬਖ਼ਾਨ ਕਰਦਾ ਰਹਿੰਦਾ ਸੀ।

ਭਾਵੇਂ ਹੁਣ ਤੱਕ ਬੰਦਾ ਸਿੰਘ ਦੀਆਂ ਮੁਗ਼ਲ ਸ਼ਾਸਨ ਦੇ ਵਿਰੁੱਧ ਕੀਤੀਆਂ ਜਾ ਰਹੀਆਂ ਫ਼ੌਜੀ ਕਾਰਵਾਈਆਂ ਦੀ ਖ਼ਬਰ ਸਭ ਪਾਸੇ ਫ਼ੈਲ ਚੁਕੀ ਸੀ, ਅਤੇ ਸਮਾਣੇ ਵੀ ਪਹੁੰਚ ਗਈ ਸੀ, ਪਰ ਸਮਾਣੇ ਦਾ ਫ਼ੌਜਦਾਰ ਆਪਣੇ ਆਪ ਵਿਚ ਪੂਰੀ ਤਰ੍ਹਾਂ ਆਸ਼ਵਸਤ ਸੀ ਕਿ ਅੱਵਲ ਤਾਂ ਬੰਦਾ ਸਿੰਘ ਸਮਾਣੇ ਤੇ ਹਮਲਾ ਕਰਨ ਦੀ ਹਿਮਾਕਤ ਅਤੇ ਹਿੰਮਤ ਹੀ ਨਹੀਂ ਕਰੇਗਾ ਅਤੇ ਜੇ ਕਰ ਕਰੇਗਾ ਵੀ ਤਾਂ ਉਹ ਸਮਾਣੇ ਦੇ ਮਜ਼ਬੂਤ ਤੇ ਪੁਖ਼ਤਾ ਇੰਤਜ਼ਾਮਾਂ ਕਰਕੇ ਸ਼ਹਿਰ ਵਿਚ ਦਾਖਲ ਨਹੀਂ ਹੋ ਸਕੇਗਾ। ਉਸ ਦੇ ਅਨੁਸਾਰ ਸਮਾਣੇ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਨਹੀਂ ਸੀ। ਪਰ ਉਸ ਦੇ ਇਹ ਸਾਰੇ ਦਾਅਵੇ ਨਾਕਾਮ ਸਾਬਤ ਹੋਣੇ ਸਨ। ਸਮਾਣੇ ਦੇ ਫ਼ੌਜਦਾਰ ਦੀ ਜਾਣਕਾਰੀ ਅਨੁਸਾਰ ਬੰਦਾ ਸਿੰਘ ਦੀ ਫ਼ੌਜ ਅਜੇ ਸਮਾਣੇ ਤੋਂ ਕਈ ਕੋਹ ਦੂਰ ਸੀ ਅਤੇ ਚਿੰਤਾ ਅਤੇ ਫ਼ਿਕਰ ਵਾਲੀ ਕੋਈ ਗੱਲ ਹੀ ਨਹੀਂ ਸੀ। ਪਰ ਉਹ ਭਾਰੀ ਮੁਗ਼ਾਲਤੇ ਵਿਚ ਸੀ ਅਤੇ ਉਸ ਦਾ ਇਹ ਅੰਦਾਜ਼ਾ ਵੀ ਸਰਾਸਰ ਗਲਤ ਸੀ।

ਸਮਾਣਾ ਸ਼ਹਿਰ ਸਿੱਖਾਂ ਦਾ ਦੋਸ਼ੀ ਵੀ ਸੀ। ਗੁਰੂ ਗੋਬਿੰਦ ਸਿੰਘ ਜੀ ਤੇ ਪਿਤਾ ਅਤੇ ਸਿੱਖਾਂ ਦੇ ਨੌਵੇਂ ਗੁਰੂ, ਗੁਰੂ ਤੇਗ਼ ਬਹਾਦਰ ਸਾਹਿਬ, ਨੂੰ ਜਦੋਂ ਸੰਨ 1675 ਦੇ ਨਵੰਬਰ ਵਿਚ ਦਿੱਲੀ ਦੇ ਚਾਂਦਨੀ ਚੌਂਕ ਵਿਚ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ਸੀ ਤਾਂ ਉਹਨਾਂ ਦਾ ਸੀਸ ਆਪਣੀ ਤਲਵਾਰ ਨਾਲ ਲਾਹੁਣ ਵਾਲਾ ਜੱਲਾਦ ਜਲਾਲਉੱਦੀਨ ਸਮਾਣੇ ਵਿਚ ਹੀ ਰਹਿੰਦਾ ਸੀ। ਇਸ ਤੋਂ ਇਲਾਵਾ, ਜਦੋਂ ਸਰਹੰਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਨੂੰ ਜੀਂਦਿਆਂ ਕੰਧਾਂ ਵਿਚ ਚਿਣਿਆ ਗਿਆ ਸੀ ਤਾਂ ਉਸ ਵੇਲੇ ਉਹਨਾਂ ਦੋਵੇਂ ਮਾਸੂਮਾਂ ਦੇ ਸਿਰ ਕੱਟਣ ਵਾਲੇ ਦੋ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਵੀ ਸਮਾਣੇ ਵਿਚ ਹੀ ਰਹਿੰਦੇ ਸਨ। ਸਮਾਣੇ ਨੂੰ ਇਸ ਸਭ ਦਾ ਹਿਸਾਬ ਦੇਣ ਦਾ ਸਮਾਂ ਆ ਗਿਆ ਸੀ ਤੇ ਉਸ ਨੇ ਇਹ ਹਿਸਾਬ ਬੰਦਾ ਸਿੰਘ ਅਤੇ ਉਸ ਦੀ ਸਿੱਖ ਫ਼ੌਜ ਨੂੰ ਦੇਣਾ ਸੀ।

ਬੰਦਾ ਸਿੰਘ ਨੇ ਆਪਣੇ ਦਲ ਬਲ ਨਾਲ ਸਮਾਣੇ ਵਲ ਕੂਚ ਕਰ ਦਿੱਤਾ ਤੇ ਤੇਜ਼ ਰਫ਼ਤਾਰੇ ਚਲ ਕੇ ਵਾਟਾਂ ਨੱਪਦਾ ਉਹ ਆਪਣੀ ਫ਼ੌਜ ਨਾਲ 11 ਨਵੰਬਰ 1709, ਸ਼ੁਕਰਵਾਰ ਦੇ ਦਿਨ, ਸੂਰਜ ਦੇ ਢਲਣ ਅਤੇ ਸ਼ਾਮ ਦੇ ਡੂੰਘਿਆਂ ਹੋਣ ਤੱਕ ਸਮਾਣੇ ਸ਼ਹਿਰ ਦੇ ਬਾਹਰ ਸਮਾਣੇ ਦੀ ਜੂਹ ਵਿਚ ਪਹੁੰਚ ਗਿਆ। ਏਥੇ ਇਕ ਪਾਣੀ ਵਾਲੀ ਢਾਬ ਦੇ ਦੁਆਲੇ ਰੁੱਖਾਂ ਦਾ ਇਕ ਵੱਡਾ ਝੁੰਡ ਸੀ। ਸ਼ਾਮ ਦੇ ਘੁਸਮੁਸੇ ਵਿਚ ਬੰਦਾ ਸਿੰਘ ਨੇ ਆਪਣੇ ਦਲ ਨੂੰ ਇਸ ਥਾਂ ਤੇ ਇਕੱਠਾ ਕਰ ਲਿਆ ਅਤੇ ਸਮਾਣੇ ਉੱਤੇ ਹਮਲੇ ਲਈ ਸਹੀ ਘੜੀ ਅਤੇ ਸਮੇਂ ਦਾ ਇੰਤਜ਼ਾਰ ਕਰਨ ਲਗ ਪਿਆ।

ਮਾਲਵੇ ਦੇ ਇਸ ਇਲਾਕੇ ਵਿਚ ਸਰਦੀਆਂ ਦੀ ਰੁੱਤ ਸ਼ੁਰੂ ਹੋ ਚੁਕੀ ਸੀ ਅਤੇ ਸੂਰਜ ਛੇਤੀ ਡੁੱਬ ਗਿਆ ਸੀ। ਸ਼ਾਮਾਂ ਵੀ ਛੇਤੀ ਛੇਤੀ ਢਲ ਗਈਆਂ ਸਨ। ਇਹ ਠੰਡਾਂ ਦੇ ਦਿਨ ਸਨ ਅਤੇ ਰਾਤਾਂ ਹਨੇਰੀਆਂ ਹੋਣ ਤੋਂ ਇਲਾਵਾ ਸਰਦ ਸਨ। ਬਾਹਰ

ਖੁੱਲੇ ਵਿਚ ਰਾਤ ਨੂੰ ਸਰਦ ਠੱਕੇ ਦੀਆਂ ਹਵਾਵਾਂ ਵਗਦੀਆਂ ਸਨ ਤੇ ਕਿਸੇ ਵੀ ਫ਼ੌਜ ਲਈ ਏਨੀਂ ਠੰਡ ਵਿਚ ਬਾਹਰ ਰੁਕਣਾ ਮੁਸ਼ਕਲ ਸੀ। ਪਰ ਬੰਦਾ ਸਿੰਘ ਅਤੇ ਉਸ ਦਿਆਂ ਸਾਥੀਆਂ ਲਈ ਇਸ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਜੋ ਕੋਈ ਵੀ ਬੰਦਾ ਸਿੰਘ ਅਤੇ ਉਸ ਦੀ ਖਾਲਸਾ ਫ਼ੌਜ ਨੂੰ ਉਸ ਵੇਲੇ ਵੇਖਦਾ ਤਾਂ ਉਹ ਸਮਝ ਜਾਂਦਾ ਕਿ ਸਮਾਣੇ ਦਾ ਫ਼ੌਜਦਾਰ ਕਿੰਨੇਂ ਵੱਡੇ ਭੁਲੇਖੇ ਤੇ ਮੁਗ਼ਾਲਤੇ ਵਿਚ ਸੀ ਅਤੇ ਉਸ ਦੇ ਸਮਾਣੇ ਦੇ ਬਚਾਅ ਲਈ ਕੀਤੇ ਇੰਤਜ਼ਾਮ, ਓਸੇ ਹੀ ਰਾਤ ਨੂੰ ਅਤੇ ਅਗਲੇ ਕੁਝ ਘੜੀਆਂ ਪਲਾਂ ਵਿਚ ਹੀ, ਕਿੰਨੇਂ ਨਾਕਾਫ਼ੀ ਸਿੱਧ ਹੋਣ ਵਾਲੇ ਸਨ। ਸਮਾਣੇ ਦਾ ਫ਼ੌਜਦਾਰ, ਬੰਦਾ ਸਿੰਘ ਅਤੇ ਉਸ ਦੇ ਸਿਰਲੱਥ ਸਿੱਖਾਂ ਦੇ ਦ੍ਰਿੜ ਫ਼ੌਲਾਦੀ ਇਰਾਦਿਆਂ ਨੂੰ ਜਾਣਦਾ ਨਹੀਂ ਸੀ ਅਤੇ ਨਾ ਹੀ ਉਸ ਨੂੰ ਇਸ ਦਾ ਕੋਈ ਅੰਦਾਜ਼ਾ ਹੀ ਸੀ। ਇਹ ਉਸ ਦੀ ਭਾਰੀ ਗਲਤੀ ਸੀ ਅਤੇ ਉਸ ਨੂੰ ਗਿਆਨ ਵੀ ਨਹੀਂ ਸੀ ਕਿ ਉਸ ਦੀ ਇਸ ਗਲਤ ਸੋਚ ਦੇ ਸਿੱਟੇ ਵੱਜੋਂ ਇਸ ਦਾ ਕਿੰਨਾਂ ਭਾਰੀ ਖਮਿਆਜ਼ਾ ਉਸ ਨੇ ਅਤੇ ਸਾਰੇ ਸਮਾਣੇ ਸ਼ਹਿਰ ਨੇ ਓਸੇ ਹੀ ਰਾਤ ਅਗਲੇ ਕੁਝ ਹੀ ਘੜੀਆਂ ਪਲਾਂ ਵਿਚ ਭੁਗਤਣਾ ਸੀ। ਸਮਾਣੇ ਨਾਲ ਅਗਲੀਆਂ ਕੁਝ ਘੜੀਆਂ ਵਿਚ ਕੀ ਵਾਪਰਨ ਵਾਲਾ ਸੀ ਉਸ ਤੋਂ ਸਮਾਣਾ ਅਤੇ ਸਮਾਣੇ ਦੇ ਨਿਵਾਸੀ ਪੂਰੀ ਤਰ੍ਹਾਂ ਬੇਖਬਰ ਸਨ।

ਰਾਤ ਇਕ ਜਾਂ ਡੇਢ ਪਹਿਰ ਲੰਘ ਚੁਕੀ ਸੀ। ਚਾਰੇ ਪਾਸੇ ਹਨੇਰ ਪੱਸਰਿਆ ਹੋਇਆ ਸੀ। ਆਕਾਸ਼ ਸਾਫ਼ ਸੀ ਅਤੇ ਸਿਆਹ ਕਾਲੀ ਰਾਤ ਵਿਚ ਤਾਰੇ ਟਿਮਟਿਮਾ ਰਹੇ ਸਨ। ਰਾਤ ਭਾਵੇਂ ਹਨੇਰੀ ਸੀ ਪਰ ਤਾਰਿਆਂ ਦੀ ਲੋਅ ਵਿਚ ਜ਼ਮੀਨ ਅਤੇ ਪਗਡੰਡੀਆਂ ਚਮਕਦੀਆਂ ਸਨ ਅਤੇ ਦਿਸਦੀਆਂ ਸਨ। ਕੁੱਲ ਸਮਾਣਾ ਰਾਤ ਦੇ ਰੋਟੀ-ਪਾਣੀ ਤੋਂ ਵਿਹਲਿਆਂ ਹੋ ਕੇ ਸੌਣ ਲਈ ਆਪਣੇ ਪਲੰਘਾਂ ਤੇ ਚਲਾ ਗਿਆ ਸੀ। ਲੋਕ ਰੇਸ਼ਮੀ ਰਜਾਈਆਂ ਵਿਚ ਵੜ ਕੇ ਨਿੱਘੇ ਹੋ ਰਹੇ ਸਨ। ਮਹਿਲ ਮਾੜੀਆਂ ਅਤੇ ਹਵੇਲੀਆਂ ਦੇ ਬਾਹਰਲੇ ਵੱਡੇ ਦਵਾਰ ਅਤੇ ਘਰਾਂ ਦੇ ਦਰਵਾਜੇ ਬੰਦ ਹੋ ਗਏ ਸਨ। ਕੁੰਡੇ ਮਾਰੇ ਜਾ ਚੁਕੇ ਸਨ। ਅਰਲ ਅਤੇ ਸਾਂਕਲਾਂ ਲਗ ਗਈਆਂ ਸਨ। ਸਮਾਣੇ ਦੀਆਂ ਗਲੀਆਂ ਵਿਚ ਕੋਈ ਇੱਕਾ ਦੁੱਕਾ ਆਦਮੀ ਹੀ ਨਜ਼ਰ ਆਉਂਦਾ ਸੀ ਤੇ ਜਾਂ ਕੋਈ ਰਾਤ ਦਾ ਪਹਿਰਾ ਦੇਣ ਵਾਲਾ ਪਹਿਰੇਦਾਰ ਹੀ ਜਾਗਦਾ ਸੀ। ਸਮਾਣੇ ਵਿਚ ਚਾਰੇ ਪਾਸੇ ਸਰਦੀਆਂ ਦੀ ਠੰਡੀ ਰਾਤ ਦਾ ਹਨੇਰ ਅਤੇ ਚੁੱਪ ਪੱਸਰੇ ਹੋਏ ਸਨ।

ਬੰਦਾ ਸਿੰਘ ਨੂੰ ਇਸ ਪਲ ਅਤੇ ਇਸ ਸਾਇਤ ਦੀ ਹੀ ਉਡੀਕ ਸੀ। ਉਸ ਨੇ ਇਸ਼ਾਰਾ ਕੀਤਾ ਤੇ ਉਸ ਦੇ ਸਿੱਖ ਸਿਪਾਹੀ ਸਮਾਣੇ ਦੀ ਜੂਹ ਤੋਂ ਨਿਕਲ ਕੇ ਸਮਾਣੇ ਵਲ ਨੂੰ ਚਲ ਪਏ। ਛੇਤੀ ਹੀ ਉਹਨਾਂ ਨੇ ਸਮਾਣੇ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਤੇ ਫ਼ਿਰ ਬੰਦਾ ਸਿੰਘ ਦਾ ਸੰਕੇਤ ਮਿਲਣ ਤੇ ਉਹਨਾਂ ਨੇ ਸਮਾਣੇ ਸ਼ਹਿਰ ਤੇ ਭਾਰੀ ਹਮਲਾ ਕਰ ਦਿੱਤਾ। ਸਮਾਣੇ ਨੂੰ ਆਪਣੇ ਉੱਤੇ ਮੰਡਰਾਉਂਦੀ ਮੌਤ ਦਾ ਚਿੱਤ-ਚੇਤਾ ਵੀ ਨਹੀਂ ਸੀ। ਸਮਾਣਾ ਹਾਲੀ ਸਰਦੀਆਂ ਦੀ ਰਾਤ ਦੀ ਖੁਮਾਰੀ ਵਾਲੀ ਨੀਂਦ ਵਿਚ ਪਹੁੰਚਿਆ ਹੀ ਸੀ ਤੇ ਜਾਂ ਫ਼ਿਰ ਕੁਝ ਲੋਕ ਆਪਣਿਆਂ ਸੌਣ ਵਾਲੇ ਕਮਰਿਆਂ ਵਿਚ ਪਲੰਘਾਂ ਤੇ ਪਏ ਸੌਣ ਦੀਆਂ ਤਿਆਰੀਆਂ ਵਿਚ ਸਨ, ਜਦੋਂ ਬੰਦਾ ਸਿੰਘ ਦੀ ਫ਼ੌਜ ਭੁੱਖੇ ਸ਼ੇਰਾਂ ਵਾਂਗ ਸਮਾਣੇ ਤੇ ਟੁੱਟ ਪਈ। ਸਮਾਣੇ ਦਾ ਕੋਈ ਹਿਫ਼ਾਜ਼ਤੀ ਇੰਤਜ਼ਾਮ ਸਿੱਖਾਂ ਨੂੰ ਰੋਕ ਨਹੀਂ ਸਕਿਆ।

ਰੌਲਾ ਸੁਣ ਕੇ ਲੋਕੀਂ ਘਰਾਂ ਵਿਚੋਂ ਬਾਹਰ ਨਿਕਲੇ ਤੇ ਸਮਾਣੇ ਦੀਆਂ ਗਲੀਆਂ ਵਿਚ, ਉਸ ਦੇ ਬਜ਼ਾਰਾਂ ਵਿਚ, ਉਸ ਦੀਆਂ ਕਿਲਿਆਂ ਵਰਗੀਆਂ ਹਵੇਲੀਆਂ ਵਿਚ ਅਤੇ ਉਸ ਦੇ ਘਰਾਂ ਵਿਚ ਸਖ਼ਤ ਲੜਾਈ ਸ਼ੁਰੂ ਹੋ ਗਈ। ਗਲੀਆਂ ਅਤੇ ਬਜ਼ਾਰਾਂ ਵਿਚ ਸਿੱਖਾਂ ਦੀਆਂ ਬਿਜਲੀ ਵਾਂਗ ਚਮਕਦੀਆਂ, ਲਿਸ਼ਕਦੀਆਂ ਅਤੇ ਤਿੱਖੀ ਧਾਰ ਵਾਲੀਆਂ ਤਲਵਾਰਾਂ ਨੇ ਸਮਾਣੇ ਦੇ ਆਹੂ ਲਾਹ ਦਿੱਤੇ ਤੇ ਗਲੀਆਂ ਵਿਚ ਲਾਸ਼ਾਂ ਦੇ ਢੇਰ ਲਾ ਦਿੱਤੇ। ਸਾਰੀ ਰਾਤ ਲੜਾਈ ਹੁੰਦੀ ਰਹੀ। ਜਿੱਤ ਬੰਦਾ ਸਿੰਘ ਦੀ ਅਤੇ ਉਸ ਦੀ ਫ਼ੌਜ ਦੀ ਹੋਈ। ਸਿੱਖਾਂ ਨੇ ਹਰ ਘਰ ਦੀ ਤਲਾਸ਼ੀ ਲਈ ਤੇ ਸਭ ਲੁਕਿਆਂ ਛਿਪਿਆਂ ਨੂੰ ਲੱਭ ਕੇ ਤਲਵਾਰ ਦੀ ਧਾਰ ਵਿਚੋਂ ਲੰਘਾਇਆ। ਸਿੱਖਾਂ ਨੇ ਸਮਾਣੇ ਨੂੰ ਤਬਾਹ ਕਰ ਦਿੱਤਾ। ਸਮਾਣਾ ਅੱਗ ਦੇ ਹਵਾਲੇ ਹੋ ਗਿਆ। ਸਮਾਣੇ ਨੂੰ ਬੰਦਾ ਸਿੰਘ ਦੀ ਫ਼ੌਜ ਨੇ ਪੂਰੀ ਤਰ੍ਹਾਂ ਲੁੱਟਿਆ। ਸਮੂਹ ਸਮਾਣਾ ਸ਼ਹਿਰ ਥੇਹ ਵਿਚ ਤਬਦੀਲ ਹੋ ਗਿਆ ਤੇ ਮੁੜ ਵੱਸ ਨ ਸਕਿਆ। ਏਥੋਂ ਬਹੁਤ ਸਾਰਾ ਧਨ ਦੌਲਤ, ਸੋਨਾ, ਚਾਂਦੀ, ਤਲਵਾਰਾਂ, ਨੇਜ਼ੇ, ਹੋਰ ਫ਼ੌਜੀ ਸਮਾਨ, ਘੋੜੇ, ਰਸਦ, ਗੱਡੇ, ਗਾਵਾਂ, ਮੱਝਾਂ, ਬਲਦ ਆਦਿ ਮਿਲੇ ਜਿਸ ਨੇ ਬੰਦਾ ਸਿੰਘ ਦੀ ਫ਼ੌਜ ਦੀਆਂ ਕਈ ਤਰ੍ਹਾਂ ਦੀਆਂ ਜ਼ਰੂਰੀ ਲੋੜਾਂ ਅਤੇ ਕਮੀਆਂ ਦੂਰ ਕਰ ਦਿੱਤੀਆਂ।

ਸਮਾਣੇ ਦੀ ਜਿੱਤ ਨੇ ਇਸ ਇਲਾਕੇ ਵਿਚ ਮੁਗ਼ਲ ਸ਼ਾਸਨ ਅਤੇ ਉਸ ਦੇ ਪ੍ਰਸ਼ਾਸਨ ਤੰਤਰ ਦਾ ਲੱਕ ਤੋੜ ਦਿੱਤਾ। ਉਹਨਾਂ ਦੇ ਹੌਂਸਲੇ ਪਸਤ ਕਰ ਦਿੱਤੇ। ਸਮਾਣੇ ਦੀ ਲੜਾਈ ਵਿਚ ਬੰਦਾ ਸਿੰਘ ਅਤੇ ਉਸ ਦੀ ਫ਼ੌਜ ਦੇ ਹੱਥੋਂ ਕੋਈ ਦਸ ਹਜ਼ਾਰ ਸੱਯਦ ਤੇ ਮੁਗ਼ਲ ਮਾਰੇ ਗਏ ਸਨ ਅਤੇ ਜੋ ਬਚ ਗਏ ਸਨ ਉਹ ਸਦਾ ਲਈ ਸਮਾਣਾ ਛੱਡ ਗਏ।

**ਬਾਕੀ ਸਾਫ਼ਾ ਨੰ 35 'ਤੇ**

# ਮਹਾਰਾਣੀ ਜਿੰਦ ਕੌਰ

ਸੁਖਦਿਆਲ ਸਿੰਘ

**ਪਿਛਲੇ ਅੰਕ ਦਾ ਬਾਕੀ ਹਿੱਸਾ**

ਰੈਜੀਡੈਂਟ ਨੇ ਮੌਕਾ ਠੀਕ ਸਮਝ ਕੇ ਉਨ੍ਹਾਂ ਨੂੰ ਇਕ ਸੰਧੀ ਕਰਨ ਲਈ ਕਿਹਾ। ਮਹਾਰਾਣੀ ਦੀ ਮੌਜੂਦਗੀ ਤੋਂ ਬਿਨਾਂ ਹੀ ਭੈਰੋਵਾਲ ਦੇ ਅਸਥਾਨ 'ਤੇ 16 ਦਸੰਬਰ, 1846 ਨੂੰ ਇਕ ਹੋਰ ਸੰਧੀ ਕੀਤੀ ਗਈ। ਇਸ ਨੂੰ ਭੇਰੋਵਾਲ ਦੀ ਸੰਧੀ ਕਿਹਾ ਜਾਂਦਾ ਹੈ। ਕਿਲੇ ਵਿਚ ਦਰਬਾਰ ਦੇ ਮੈਂਬਰਾਂ ਦੀ ਮੀਟਿੰਗ ਨਾ ਬੁਲਾਉਣਾ ਅਤੇ ਲਾਹੌਰ ਤੋਂ ਬਾਹਰ ਇਕ ਸਾਧਾਰਨ ਜਿਹੇ ਪਿੰਡ ਦੀ ਥਾਂ ਤੇ ਇਕੱਠੇ ਬੈਠ ਕੇ ਸੰਧੀ ਲਿਖ ਲੈਣਾ ਵੈਸੇ ਹੀ ਆਪਣੇ ਆਪ ਵਿਚ ਕੋਈ ਕਾਨੂੰਨੀ ਦਰਜਾ ਨਹੀਂ ਰੱਖਦੀ ਸੀ ਪਰ ਤਕੜੇ ਦੇ ਸੱਤੀ ਬੀਹੀਂ ਸੌ ਦੀ ਕਹਾਉਤ ਵਾਂਗ ਜੋ ਗੱਲ ਅੰਗਰੇਜ਼ ਲੋਕ ਚਾਹੁੰਦੇ ਸਨ ਉਹ ਹੀ ਠੀਕ ਮੰਨੀ ਜਾਂਦੀ ਸੀ। ਇਸ ਸੰਧੀ ਅਨੁਸਾਰ, ਸਾਡੇ ਲੇਖ ਦੇ ਸਬੰਧ ਦੀ ਗੱਲ ਇਹ ਹੈ ਕਿ ਮਹਾਰਾਣੀ ਨੂੰ ਦਰਬਾਰ ਦੀ ਰਾਜਨੀਤੀ ਵਿਚੋਂ ਬਿਲਕੁਲ ਅਲੱਗ ਕਰ ਦਿਤਾ ਗਿਆ ਅਤੇ ਉਸ ਦੇ ਗੁਜ਼ਾਰੇ ਲਈ ਡੇਢ ਲੱਖ ਰੁਪਿਆ ਨੀਅਤ ਕੀਤਾ ਗਿਆ। ਮਹਰਾਣੀ ਨੂੰ ਤਾਕੀਦ ਕੀਤੀ ਗਈ ਕਿ ਉਹ ਆਪਣੇ ਆਪ ਨੂੰ ਮਹਿਲਾਂ ਤਕ ਹੀ ਸੀਮਤ ਰੱਖਣ। ਸਿੱਖ ਸਰਦਾਰਾਂ ਉਪਰ ਵੀ ਇਹ ਪਾਬੰਦੀ ਲਗਾ ਦਿਤੀ ਗਈ ਕਿ ਉਹ ਬਿਨਾ ਆਗਿਆ ਮਹਾਰਾਣੀ ਨੂੰ ਨਹੀਂ ਮਿਲ ਸਕਦੇ। ਸਰਦਾਰ ਚਤਰ ਸਿੰਘ ਅਟਾਰੀਵਾਲੇ ਦੇ ਪੁੱਤਰ ਸ. ਸ਼ੇਰ ਸਿੰਘ ਅਟਾਰੀਵਾਲੇ ਨੂੰ ਰਾਜਾ ਲਾਲ ਸਿੰਘ ਦੀ ਥਾਂ 'ਤੇ ਲਿਆ ਗਿਆ ਸੀ ਜਿਹੜਾ ਕੇ ਮਹਾਰਾਣੀ ਦਾ ਸਬੰਧੀ ਵੀ ਸੀ। ਸਿਰਫ ਇਕੱਲੇ ਸ਼ੇਰ ਸਿੰਘ ਨੂੰ ਮਹਾਰਾਣੀ ਦੇ ਮਹਿਲਾਂ ਵਿਚ ਆਉਣ ਜਾਣ ਦੀ ਖੁੱਲ੍ਹ ਸੀ ਜਿਹੜਾ ਕੇ ਮਹਿਲਾਂ ਦਾ ਨਿਗਰਾਨ ਵੀ ਸੀ।

ਮਹਾਰਾਣੀ ਇਸ ਸਭ ਕੁਝ ਤੋਂ ਬੇਚੈਨ ਜਰੂਰ ਸੀ ਪਰ ਉਸ ਨੂੰ ਇਹ ਉਮੀਦ ਸੀ ਕਿ ਉਸ ਦੇ ਪੁੱਤਰ ਦਾ ਰਾਜ-ਪਰਬੰਧ ਹੀ ਸੁਰੱਖਿਅਤ ਹੋ ਰਿਹਾ ਹੈ ਇਸ ਲਈ ਉਹ ਆਪਣਾ ਹਰ ਤਰ੍ਹਾਂ ਦਾ ਨੁਕਸਾਨ ਅਤੇ ਆਪਣੀ ਹਰ ਤਰ੍ਹਾਂ ਦੀ ਬੇਇੱਜ਼ਤੀ ਵੀ, ਸਬਰ ਦਾ ਘੁੱਟ ਭਰ ਕੇ, ਸਹਿ ਰਹੀ ਸੀ। ਮਹਾਰਾਣੀ ਵਲੋਂ ਰੈਜੀਡੈਂਟ ਨੂੰ ਲਿਖੇ ਪੱਤਰ ਵਿਚ ਇਹ ਲਾਈਨਾਂ ਕਿੰਨੀਆਂ ਭਾਵਪੂਰਤ ਹਨ : "ਰਾਜਾ ਲਾਲ ਸਿੰਘ ਮੇਰਾ ਮੋਹਤਬਰ ਤੇ ਖੈਰ ਖੁਆਹ ਤੇ ਨਿਮਕਹਲਾਲ ਸੀ। ਸੋ ਤੂਸਾਂ ਤਕਸੀਰੀ (ਦੋਸ਼ ਲਗਾ ਕੇ) ਕਰ ਕੇ ਭੇਜ ਦਿਤਾ। ਤਾਂ ਅਸਾਂ ਕੁਝ ਨਹੀਂ ਤੁਸਾਂ ਨੂੰ ਆਖਿਆ। ਸਾਡੇ ਦਿਲ ਵਿਚ ਇਹ ਗੱਲ ਸੀ ਜੋ ਆਪ ਸਾਹਿਬ ਸਾਡੇ ਪਾਸ ਨੇ ਸਾਨੂੰ ਡਰ ਕਿਸ ਦਾ ਏ। ਸਾਨੂੰ ਇਸ ਗੱਲ ਦੀ ਖਬਰ ਨਹੀਂ ਸੀ ਝੂਠੀਆਂ ਗੱਲਾਂ ਸਾਡੇ ਜੁਮੇਂ ਲਾ ਕੇ ਕੈਦ ਚਾਹਾ ਕੀਤਾ। ...ਏ ਕਿਹੜੀਆਂ ਗੱਲਾਂ ਸਾਡੇ ਨਾਲ ਕਰਦੇ ਹੋ ਕਿਸੇ ਰਾਜਵਾੜੇ ਵਿਚ ਨਹੀਂ ਹੋਈਆਂ। ਤੁਸੀਂ ਗੁੱਝੇ ਰਾਜ ਕਿਉਂ ਸਾਂਭਦੇ ਹੋਂ ? ਜ਼ਾਹਰਾ ਹੋ ਕੇ ਕਿਉਂ ਨਹੀਂ ਕਰਦੇ। ਨਾਲੇ ਵਿਚ ਦੋਸਤੀ ਦਾ ਹਰਫ਼ ਰਖਦੇ ਹੋਂ ਨਾਲੇ ਕੈਦ ਕਰਦੇ ਹੋਂ।"

ਅੰਗਰੇਜ਼ ਰੈਜੀਡੈਂਟ ਇਥੇ ਹੀ ਬਸ ਕਰਕੇ ਨਹੀਂ ਸੀ ਖੜੋਣਾ ਚਾਹੁੰਦਾ। ਉਸ ਨੇ ਮਹਾਰਾਣੀ ਨੂੰ ਲਾਹੌਰ ਤੋਂ ਬਾਹਰ ਕੱਢਣਾ ਸੀ। ਮਹਾਰਾਣੀ ਦੀ ਹੋਂਦ ਇਤਨੇ ਜਾਦੂਮਈ ਅਸਰ ਵਾਲੀ ਸੀ ਕਿ ਅੰਗਰੇਜ਼ ਸਮਝਦੇ ਸਨ ਕਿ ਉਸ ਨੂੰ ਮਹਾਰਾਜੇ ਦੇ ਅਤੇ ਸਿੱਖ ਸਰਦਾਰਾਂ ਦੇ ਨੇੜੇ ਵੀ ਨਹੀਂ ਰੱਖਣਾ ਚਾਹੀਦਾ। ਮਹਾਰਾਣੀ ਹਰ ਸਮੇਂ ਆਪਣੇ ਪੁੱਤਰ ਦੀ ਸੁਰੱਖਿਆ ਦੀ ਗੱਲ ਸੋਚਦੀ ਸੀ ਜਦੋਂ ਕਿ ਅੰਰਗੇਜ਼ਾਂ ਨੇ ਉਸ ਦੇ ਪੁੱਤਰ ਕੋਲੋਂ ਰਾਜ ਖੋਹਣਾ ਸੀ। ਇਸ ਕੰਮ ਵਿਚ ਕਿਸੇ ਤਰ੍ਹਾਂ ਦਾ ਵੀ ਕੋਈ ਅੜਿਕਾ ਪਵੇ ਉਸ ਨੂੰ ਰੈਜੀਡੈਂਟ ਸਹਿਣ ਕਰਨ ਨੂੰ ਤਿਆਰ ਨਹੀਂ ਸੀ। ਜੇਕਰ ਮਹਾਰਾਣੀ ਨੂੰ ਮਹਿਲਾਂ ਵਿਚ ਵੀ ਆਰਾਮ ਨਾਲ ਰਹਿਣ ਦਿਤਾ ਜਾਂਦਾ ਤਾਂ ਵੀ ਮਹਾਰਾਣੀ ਖੁਸ਼ ਸੀ ਪਰ ਗੱਲ ਤਾਂ ਉਸ ਨੂੰ ਲਾਹੌਰ ਤੋਂ ਕਿਧਰੇ ਦੂਰ ਭੇਜਣ ਦੀ ਸੋਚੀ ਜਾ ਰਹੀ ਸੀ ਇਸ ਲਈ ਇਸ ਗੱਲ ਦੇ ਕੋਈ ਅਰਥ ਨਹੀਂ ਸਨ ਕਿ ਮਹਾਰਾਣੀ ਮਹਿਲਾਂ ਵਿਚ ਆਰਾਮ ਨਾਲ ਬੈਠਦੀ ਸੀ ਜਾਂ ਸਰਗਰਮ ਕਾਰਵਾਈਆ ਵਿਚ ਰੁੱਝੀ ਰਹਿੰਦੀ ਸੀ। ਅੰਗਰੇਜ਼ਾਂ ਨੇ ਹਰ ਹਾਲਤ ਵਿਚ ਉਸ ਨੂੰ ਇਕ ਮੁਜ਼ਰਮ ਬਣਾ ਕੇ ਪੇਸ਼ ਕਰਨਾ ਸੀ ਤਾਂ ਕਿ ਸਿੱਖ ਇਹ ਨਾ ਸੋਚਣ ਕਿ ਮਹਾਰਾਣੀ ਨੂੰ ਬੇਕਸੂਰ ਨੂੰ ਹੀ ਸਜ਼ਾ ਦਿਤੀ ਜਾ ਰਹੀ ਹੈ। ਅੰਗਰੇਜ਼ਾਂ ਨੇ ਆਪਣੀਆਂ ਗੁਪਤ ਵਿਚਾਰਾਂ ਵਿਚ ਜਾਂ ਗੁਪਤ ਚਿੱਠੀਆਂ ਵਿਚ ਜੋ ਕੁਝ ਕਿਹਾ ਸੀ ਉਸ ਦੇ ਬਿਲਕੁਲ ਉਲਟ ਉਹ ਅਮਲੀ ਰੂਪ ਵਿਚ ਕਰਦੇ ਸਨ। ਲਿਖਣ ਵਿਚ ਉਹ ਹਰ ਉਹ ਗੱਲ ਲਿਖਦੇ ਸਨ ਜਿਹੜੀ ਸਿੱਖ ਸਰਦਾਰਾਂ ਉੱਤੇ ਉਨ੍ਹਾਂ ਦੀ ਫਿਰਾਖ਼ਦਿਲੀ ਦਾ ਪ੍ਰਭਾਵ ਪਾਉਂਦੀ ਹੋਵੇ ਪਰ ਅਸਲੀ ਰੂਪ ਵਿਚ ਅਜਿਹੀ ਲਿਖਤ 'ਤੇ ਕੋਈ ਅਮਲ ਨਹੀਂ ਕੀਤਾ ਜਾਂਦਾ ਸੀ। ਮਿਸਾਲ ਦੇ ਤੌਰ 'ਤੇ ਭੈਰੋਵਾਲ ਦੀ ਸੰਧੀ ਵਿਚ ਜੋ ਡੇਢ ਲੱਖ ਰੁਪਿਆ ਮਹਾਰਾਣੀ ਨੂੰ ਸਾਲਾਨਾ ਖਰਚੇ ਦਾ ਲਗਾਇਆ

ਸੀ ਉਹ ਦਿਤਾ ਨਹੀਂ ਗਿਆ ਸੀ। ਮਹਾਰਾਣੀ ਨੇ ਆਪਣੇ ਇਕ ਪੱਤਰ ਵਿਚ ਇਸ ਬਾਰੇ ਇਉਂ ਲਿਖਿਆ ਹੈ : "ਹੋਰ ਜਿਹੜਾ ਡੂਢ ਲੱਖ ਲਾਇਆ ਸੀ ਉਹ ਭੀ ਨਹੀਂ ਕਿਸੇ ਦਿੱਤਾ। ਹੋਰ ਜਿਹੜਾ ਚਾਰ ਮਹੀਨਿਆਂ ਦੇ ਵਿਚ ਖਰਚ ਕੀਤਾ ਸੀ ਇਕਵੰਜਾ ਹਜ਼ਾਰ ਸੋ ਭੀ ਗਹਿਣੇ ਵੇਚ ਕੇ ਮਿਸਰ ਮੇਘ ਰਾਜ ਨੂੰ ਦਿੱਤਾ ਏ। ਕਿਸੀ ਕੋਲੋਂ ਕੁਝ ਮੰਗਦੇ ਨਹੀਂ ਸਾਂ। ਆਪਣੇ ਗਹਿਣੇ ਵੇਚ ਕੇ ਗੁਜਰਾਨ ਕਰਦੇ ਸਾਂ।"

ਇਸ ਤਰ੍ਹਾਂ ਕੁਝ ਇਕ ਮੌਕਿਆਂ 'ਤੇ ਐਸੀਆਂ ਨਿਗੂਣੀਆਂ ਗੱਲਾਂ ਨੂੰ ਮਹਾਰਾਣੀ ਨੂੰ ਦੇਸ਼ ਨਿਕਾਲੇ ਦਾ ਬਹਾਨਾ ਬਣਾਇਆ ਗਿਆ ਜਿਹੜੀਆਂ ਇਥੋਂ ਤਕ ਕਿ ਗਵਰਨਰ ਜਨਰਲ ਨੂੰ ਵੀ ਪਰਭਾਵਤ ਨਹੀਂ ਕਰ ਸਕੀਆਂ। ਫਰਵਰੀ, 1847 ਵਿਚ ਇਕ 'ਪਰੇਮਾ ਕੇਸ' ਬਾਰੇ ਕੁਝ ਵਿਚਾਰ ਚਰਚਾ ਸਿਰਫ ਅੰਗਰੇਜ਼ ਅਫਸਰਾਂ ਪਾਸੋਂ ਹੀ ਸੁਣੀ ਗਈ। ਪਰੇਮਾ ਸਿਪਾਹੀ ਸੀ। ਇਹ ਕੁੱਟਿਆ ਹੋਇਆ ਇਹ ਮੰਨ ਗਿਆ ਸੀ ਜਾਂ ਇਹ ਗੱਲ ਮੰਨਵਾ ਲਈ ਗਈ ਸੀ ਕਿ ਉਸ ਨੇ ਤੇਜ ਸਿੰਘ ਨੂੰ ਕਤਲ ਕਰਨਾ ਸੀ। ਤੇਜ ਸਿੰਘ ਨੇ ਇਕ ਦਮ ਮਹਾਰਾਣੀ ਬਾਰੇ ਕਹਿਣਾ ਸ਼ੁਰੂ ਕਰ ਦਿਤਾ ਕਿ ਉਹ ਉਸ ਨੂੰ ਮਰਵਾਉਣਾ ਚਾਹੁੰਦੀ ਹੈ। ਝੱਟ ਕੇਸ ਤਿਆਰ ਕੀਤਾ ਗਿਆ ਅਤੇ ਸਭ ਤੋਂ ਵੱਡਾ ਸਬੂਤ ਮਹਾਰਾਣੀ ਦੇ ਖਿਲਾਫ਼ ਇਹ ਪੇਸ਼ ਕੀਤਾ ਗਿਆ ਕਿ ਕਿਉਂਕਿ ਪਰੇਮਾ ਕੁਝ ਇਕ ਵਾਰ ਮਹਾਰਾਣੀ ਦੇ ਸੇਵਕਾਂ ਨੂੰ ਮਿਲਿਆ ਸੀ ਇਸ ਲਈ ਜਰੂਰ ਹੀ ਇਸ ਵਿਚ ਮਹਾਰਾਣੀ ਦਾ ਹੱਥ ਹੋਵੇਗਾ। ਰੈਜੀਡੈਂਟ ਨੇ ਗਵਰਨਰ ਜਨਰਲ ਪਾਸੋਂ ਮਹਾਰਾਣੀ ਨੂੰ ਲਾਹੌਰ ਵਿਚੋਂ ਕੱਢਣ ਦੀ ਇਜ਼ਾਜ਼ਤ ਮੰਗੀ ਪਰ ਗਵਰਨਰ ਜਨਰਲ ਨੇ ਵਾਪਸ ਲਿਖ ਕੇ ਭੇਜਿਆ ਸੀ, "I do not consider that Her Highness ought to be held responsible for acts of interference of Her confidential secretary in communication with Prema, the chief conspirator in the plot to Hill Tej Singh. The evidence is inconclusive and I have rejected it...If we could get rid of Her it would give the little boy a better chance of being educated." ਗਵਰਨਰ ਜਨਰਲ ਦੀ ਇਸ ਲਿਖਤ ਸਾਹਮਣੇ ਕੋਈ ਸ਼ੱਕ ਹੀ ਨਹੀਂ ਰਹਿ ਜਾਂਦਾ ਕਿ ਅੰਗਰੇਜ਼ ਕਿਸ ਤਰ੍ਹਾਂ ਮਹਰਾਣੀ ਬਾਰੇ ਸੋਚਦੇ ਸਨ।

ਇਸੇ ਤਰ੍ਹਾਂ ਦਾ ਇਕ ਹੋਰ ਬਹਾਨਾ 7 ਅਗਸਤ, 1847 ਨੂੰ ਮਿਲ ਗਿਆ ਸੀ ਜੋ ਕੁਝ ਕੋੜਾ ਜਿਹਾ ਪਹਿਲੇ ਨਾਲੋਂ ਜ਼ਿਆਦਾ ਮਜ਼ਬੂਤ ਸੀ ਪਰ ਅਸਲ ਸਬੂਤ, ਮਹਾਰਾਣੀ ਬਾਰੇ ਇਸ ਵਿਚ ਵੀ, ਸਿਰਫ ਅੰਦਾਜ਼ੇ ਦਾ ਹੀ ਸੀ। ਅਗਸਤ ਨੂੰ ਲਾਹੌਰ ਦਰਬਾਰ ਦਾ ਇਕ ਵਿਸ਼ੇਸ਼ ਇਜਲਾਸ ਬੁਲਾਇਆ ਗਿਆ ਸੀ ਜਿਸ ਵਿਚ ਕੋਈ ਪੰਦਰਾਂ ਸਰਦਾਰਾਂ ਨੂੰ ਖ਼ਿਤਾਬ ਅਤੇ ਨਿਯੁਕਤੀ ਪੱਤਰ ਦਿਤੇ ਜਾਣੇ ਸਨ। ਇਨ੍ਹਾਂ ਵਿਚ ਤੇਜ ਸਿੰਘ ਵੀ ਸੀ ਜਿਸ ਨੂੰ 'ਰਾਜਾ' ਦਾ ਖਿਤਾਬ ਦਿਤਾ ਜਾਣਾ ਸੀ। ਹੋਰ ਸਭ ਸਰਦਾਰਾਂ ਦੇ ਮੱਥੇ 'ਤੇ, ਮਹਾਰਾਜਾ ਦਲੀਪ ਸਿੰਘ ਦਰਬਾਰ ਦੀ ਮਰਯਾਦਾ ਅਨੁਸਾਰ, ਕੇਸਰ ਦਾ ਪੰਜਾਂ ਲਗਾਉਂਦਾ ਰਿਹਾ ਪਰ ਜਦੋਂ ਤੇਜ ਸਿੰਘ ਦੀ ਵਾਰੀ ਆਈ ਅਤੇ ਉਸ ਨੇ ਬਾਲ ਮਹਾਰਾਜੇ ਦੇ ਪੈਰ ਛੂਹ ਕੇ ਆਪਣਾ ਮੱਥਾ ਅੱਗੇ ਕੀਤਾ ਤਾਂ ਮਹਾਰਾਜੇ ਨੇ ਆਪਣੇ ਪੈਰ ਅਤੇ ਦੋਵੇਂ ਹੱਥ ਪਿੱਛੇ ਖਿੱਚ ਕੇ ਆਪਣੀ ਮਖ਼ਮਲੀ ਗੱਦੀ ਉਪਰ ਇਕੱਠੇ ਕਰ ਲਏ ਸਨ। ਹੱਥ ਆਪਣੀਆਂ ਬਗਲਾਂ ਵਿਚ ਛੁਪਾ ਲਏ ਸਨ। ਬੋਲ ਕੇ ਇਹ ਵੀ ਕਿਹਾ ਕਿ ਇਸ ਦੇ ਸ੍ਰੀ ਹਜ਼ੂਰ ਟਿੱਕਾ ਨਹੀਂ ਲੌਣਗੇ।" ਇਸ ਨਾਲ ਤੇਜ ਸਿੰਘ ਨੇ ਆਪਣੀ ਹੱਤਕ ਸਮਝੀ। ਰੈਜੀਡੈਂਟ ਨੇ ਵੀ ਆਪਣੀ ਹੱਤਕ ਸਮਝੀ। ਉਸ ਵੇਲੇ ਤਾਂ ਮਾਮਲਾ, ਇਕ ਗਰੰਥੀ ਕੋਲੋਂ ਟਿੱਕਾ ਲਗਵਾ ਕੇ ਸੁਲਝਾ ਲਿਆ ਗਿਆ ਸੀ ਪਰ ਤੇਜ ਸਿੰਘ ਅਤੇ ਰੈਜੀਡੈਂਟ ਮਹਾਰਾਣੀ ਨੂੰ ਗਾਲ੍ਹਾਂ ਕੱਢ ਰਹੇ ਸਨ ਕਿ ਇਹ ਸਭ ਕੁਝ ਉਸ ਨੇ ਕਰਵਾਇਆ ਹੈ। ਸਬੂਤ ਇਥੇ ਵੀ ਕੋਈ ਨਹੀਂ ਸੀ। ਸਿਰਫ ਗੁੱਸੇ ਵਿਚ ਕੀਤਾ ਗਿਆ ਅੰਦਾਜ਼ਾ ਹੀ ਸੀ। ਤੇਜ ਸਿੰਘ ਨੇ ਰੈਜੀਡੈਂਟ ਨੂੰ ਕਿਹਾ ਕਿ ਲਾਹੌਰ ਵਿਚ ਜਾਂ ਤਾਂ ਉਹ ਰਹੇਗਾ ਤੇ ਜਾਂ ਮਹਾਰਾਣੀ। ਮਹਾਰਾਣੀ ਦੇ ਹੁੰਦਿਆਂ ਉਸ ਨੂੰ ਖ਼ਤਰਾ ਹੈ।

ਫੈਸਲਾ ਮਹਾਰਾਣੀ ਨੂੰ ਲਾਹੌਰ ਤੋਂ ਬਾਹਰ ਕੱਢਣ ਦਾ ਹੋ ਗਿਆ। ਸ਼ੇਖੂਪੁਰੇ ਦਾ ਕਿਲਾ ਮਹਾਰਾਣੀ ਦੀ ਰਿਹਾਇਸ਼ ਅਤੇ ਨਜ਼ਰਬੰਦੀ ਲਈ ਚੁਣਿਆ ਗਿਆ। ਭਾਵੇਂ ਇਹ ਕਿਲਾ ਨਜਰਬੰਦੀ ਲਈ ਹੀ ਸੀ ਪਰ ਇਸ ਵਿਚਲੇ ਮਹਿਲ, ਬਾਗ ਅਤੇ ਸਰੋਵਰ ਸ਼ਾਹੀ ਰਿਹਾਇਸ਼ ਵਾਲੇ ਹੀ ਸਨ। 20 ਅਗਸਤ, 1847 ਦਾ ਦਿਨ ਮਹਾਰਾਣੀ ਨੂੰ ਲੈ ਕੇ ਜਾਣ ਦਾ ਮਿੱਥਿਆ ਗਿਆ। 19 ਅਗਸਤ ਨੂੰ ਕਿਲੇ (ਲਾਹੌਰ) ਵਿਚ ਇਕ ਵਿਸ਼ੇਸ਼ ਸਮਾਗਮ ਹੋਣਾ ਸੀ। ਮਹਾਰਾਜਾ ਦਲੀਪ ਸਿੰਘ ਨੂੰ ਜ਼ਬਰਦਸਤੀ, ਉਸ ਦੇ ਮਾਮਿਆਂ ਰਾਹੀਂ ਇਸ ਸਮਾਗਮ ਵਿਚ ਬੁਲਾਇਆ ਗਿਆ। ਰਾਤ ਨੂੰ ਸਮਾਗਮ ਖ਼ਤਮ ਹੋਣ ਪਿੱਛੋਂ ਬਹੁਤ ਬਦੇਸ਼ੀ ਖਿਡੌਣਿਆਂ ਦੇ ਨਾਲ ਮਹਾਰਾਜੇ ਨੂੰ, ਆਪਣੀ ਮਾਂ ਪਾਸ ਵਾਪਸ ਆਉਣ ਦੀ ਥਾਂ, ਸ਼ਹਿਰ ਤੋਂ ਬਾਹਰ ਸ਼ਾਲਾਮਾਰ ਬਾਗ ਵਿਚ ਲਿਜਾਇਆ ਗਿਆ। 20 ਅਗਸਤ ਦੀ ਸਵੇਰ ਨੂੰ ਮਹਾਰਾਣੀ ਨੂੰ ਰੈਜੀਡੈਂਟ ਨੇ ਦਰਬਾਰ ਦਾ ਪਾਸ

ਕੀਤਾ ਹੋਇਆ ਫੈਸਲਾ (ਲਾਹੌਰ ਤੋਂ ਬਾਹਰ ਕੱਢਣ ਦਾ) ਸੁਣਾਇਆ ਅਤੇ ਬਾਹਰ ਫੌਜ ਦੇ ਤਕੜੇ ਪਹਿਰੇ ਹੇਠ ਖੜੇ ਰਥ ਵਿਚ ਬੈਠਣ ਲਈ ਕਿਹਾ। ਮਹਾਰਾਣੀ ਨੇ ਇਸ ਹੁਕਮ ਦੀ ਪਾਲਣਾ ਕਰਨ ਤੋਂ ਇਕ ਦਮ ਇਨਕਾਰ ਕਰ ਦਿਤਾ ਪਰ ਰੈਜੀਡੈਂਟ ਨੇ ਮਹਾਰਾਣੀ ਨੂੰ ਜਬਰਦਸਤੀ ਚੁੱਕ ਕੇ ਬਿਠਾਉਣ ਲਈ ਹੁਕਮ ਦਿੱਤਾ। ਇਸ ਜਬਰਦਸਤੀ ਚੁੱਕਣ ਵਿਚ ਮਹਾਰਾਣੀ ਦੇ ਵਾਲ ਖੁੱਲ ਗਏ ਸਨ ਅਤੇ ਕਪੜੇ ਫਟ ਗਏ ਸਨ।" ਮਹਾਰਾਣੀ ਦਾ ਲਿਖਿਆ ਖ਼ਤ ਇਸ ਦਾ ਸਬੂਤ ਹੈ: "ਜੋ ਤੁਮ ਨੇ ਮਹਾਰਾਜ ਕੀ ਖੁਸ਼ੀ ਖਾਤਰ ਰੱਖੀ ਹੈ ਵੋਹ ਸਾਰੇ ਜ਼ਮਾਨੇ ਮੇਂ ਮਸ਼ਹੂਰ ਹੈ ਕਿ ਰੋਤੇ ਹੂਏ ਕੋ ਛੀਨ ਕਰ ਲੇ ਗਏ ਔਰ ਮਾਂ ਕੋ ਬਾਲ ਪਕੜ ਕਰ ਬਾਹਰ ਨਿਕਾਲ ਦੀਆ:"

ਸ਼ੇਖੂਪੁਰੇ ਦੇ ਕਿਲੇ ਦੁਆਲੇ ਫੌਜ ਦਾ ਜਬਰਦਸਤ ਪਹਿਰਾ ਲਗਾ ਕੇ ਮਹਾਰਾਣੀ ਨੂੰ ਕਿਲੇ ਤੋਂ ਬਾਹਰ ਨਿਕਲਣ ਦੀ ਸਖ਼ਤ ਮਨਾਹੀ ਕਰ ਦਿਤੀ ਗਈ ਸੀ। ਇਹ ਫੌਜ ਸਾਰੀ ਦੀ ਸਾਰੀ ਤੇਜ ਸਿੰਘ ਦੀ ਜਾਂ ਬਰਿਟਿਸ਼ ਅਧਿਕਾਰੀਆਂ ਦੀ ਸੀ। ਮਹਾਰਾਣੀ ਦੀ ਡੇਢ ਲੱਖ ਦੀ ਸਾਲਾਨ ਪੈਨਸ਼ਨ ਘਟਾ ਕੇ ਸਿਰਫ 48000 ਰੁਪਏ ਸਾਲਾਨ ਕਰ ਦਿਤੀ ਗਈ ਸੀ। ਇਸ ਬਾਰੇ ਮਹਾਰਾਣੀ ਨੇ ਸ਼ੇਖੂਪੁਰੇ ਪਹੁੰਚਣ ਬਾਅਦ ਜੋ ਖ਼ਤ ਰੈਜੀਡੈਂਟ ਨੂੰ ਲਿਖਿਆ ਸੀ ਉਸ ਵਿਚ ਇਉਂ ਲਿਖਿਆ ਹੈ: "ਹੋਰ ਜੈਸੇ ਸੰਮਨ ਵਿਚ ਬੈਠੇ ਸੀ ਤੈਸੇ ਸ਼ੇਖੂਪੁਰੇ ਬੈਠੇ ਹਾਂ। ਦੋਵੇਂ ਥਾਂ ਇਕੋ ਜਿਹੇ ਸਾਨੂੰ ਹੈਣ। ਤੁਸਾਂ ਮੇਰੇ ਨਾਲ ਬਹੁਤ ਜ਼ੁਲਮ ਕੀਤਾ ਏ। ਮੇਰਾ ਪੁੱਤਰ ਖੋਹ ਲਿਆ...।" ਇਕ ਹੋਰ ਪੱਤਰ ਵਿਚ ਮਹਾਰਾਣੀ ਨੇ ਲਿਖਿਆ ਸੀ : "ਅਸੀਂ ਆਪਣਾ ਸਿਰ ਤੁਹਾਡੇ ਹਵਾਲੇ ਕੀਤਾ ਸੀ। ਤੁਸਾਂ ਨਿਮਕ ਹਰਾਮਾਂ ਦੇ ਪੈਰਾਂ ਵਿਚ ਦੇ ਦਿੱਤਾ ਸੂ। ਤੁਸਾਂ ਸਾਡੀ ਮੁਨਸਬੀ ਨਾ ਪਾਈ। ਤੁਹਾਨੂੰ ਜੋ ਚਾਹੀਦਾ ਸੀ ਸੋ ਦਰਿਆਫ਼ਤ ਕਰ ਕੇ ਜੁੰਮੇ ਲਗਦਾ ਸੋ ਲਾਉਂਦੇ। ਨਿਮਕ ਹਰਾਮਾਂ ਦੇ ਕਹੇ ਨਹੀਂ ਸੀ ਲਗਣਾ। ਤੁਸਾਂ ਵੱਡੇ ਮਹਾਰਾਜ ਦੀ ਦੋਸਤੀ ਵਲ ਵੀ ਨਹੀਂ ਡਿੱਠਾ।" ਇਥੇ ਨਿਮਕ ਹਰਾਮਾਂ ਤੋਂ ਭਾਵ ਤੇਜ ਸਿੰਘ ਅਤੇ ਉਸ ਦੇ ਸਾਥੀਆਂ ਤੋਂ ਹੈ। ਪੈਨਸ਼ਨ ਘਟਾਉਣ ਬਾਰੇ ਮਹਾਰਾਣੀ ਨੇ ਆਪਣਾ ਪਰਤੀਕਰਮ ਇਉਂ ਜ਼ਾਹਰ ਕੀਤਾ ਸੀ :

"You say that I shall receive a monthly sum of 4000 rupees and from this I suppose that you have reduced my all source. I am the owner of a country yielding three crores of rupees, in revenue... By what reckoning do you make out my allowances, to be 4000 per month ? I will take what was fixed in the treaty and if any alteration is made it should be by way of increase and not of decrease. You have not only destroyed my character, but have also imprisoned me, and separated me from my child. Give me bread, why take away my life by starvation. I am the owner of a Kingdom; I will have redress from your queen. You have acted towards me unjustly."

ਮਹਾਰਾਣੀ ਦੇ ਪੱਤਰਾਂ ਦੀਆਂ ਇਨ੍ਹਾਂ ਟਾਵੀਆਂ ਟੂਕਾਂ ਤੋਂ ਬਰਿਟਿਸ਼ ਅਧਿਕਾਰੀਆਂ ਦੀ ਨੀਤੀ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ। ਇਹ ਵੀ ਕਿ ਮਹਾਰਾਣੀ ਨੂੰ ਆਪਣੇ ਰਾਜਸੀ ਰੁਤਬੇ ਦੀ ਪੂਰੀ ਸਮਝ ਸੀ।

ਮਹਾਰਾਣੀ ਦੀ ਬਦਕਿਸਮਤੀ ਸੀ ਕਿ ਉਸ ਦੀ ਰਾਜਸੀ ਸੂਝ-ਬੂਝ ਅਤੇ ਦਰਿੜਤਾ ਹੀ ਉਸ ਦੀ ਦੁਸ਼ਮਣ ਬਣ ਗਈ ਸੀ। ਨਾ ਹੀ ਰੈਜੀਡੈਂਟ ਅਤੇ ਨਾ ਹੀ ਗਵਰਨਰ ਜਨਰਲ ਐਸੀ ਸੂਝ-ਬੂਝ ਵਾਲੀ ਮਹਾਰਾਣੀ ਨੂੰ ਸਿੱਖ ਸਰਦਾਰਾਂ ਦੇ ਨੇੜੇ ਰੱਖਣਾ ਚਾਹੁੰਦੇ ਸਨ। ਉਹ ਸਿਰਫ ਇਸ ਮੌਕੇ ਦੀ ਤਲਾਸ਼ ਵਿਚ ਸਨ। ਇਹ ਮੌਕਾ ਠੀਕ ਹੋਵੇ ਭਾਵੇਂ ਗਲਤ ਇਸ ਦੀ ਅੰਗਰੇਜ਼ਾਂ ਨੂੰ ਚਿੰਤਾ ਨਹੀਂ ਸੀ। ਚਿੰਤਾ ਜੇ ਸੀ ਤਾਂ ਸਿਰਫ ਇਸ ਗੱਲ ਦੀ ਕਿ ਮਹਾਰਾਣੀ ਨੂੰ ਕਿਸ ਤਰ੍ਹਾਂ ਪੰਜਾਬ ਤੋਂ ਬਾਹਰ ਭੇਜਿਆ ਜਾਵੇ। ਪੰਜਾਬ ਦੀ ਬਾਦਸ਼ਾਹਤ ਨੂੰ, ਜੇ ਬਿਨਾਂ ਕਿਸੇ ਖੂਨ-ਖਰਾਬੇ ਦੇ ਅਤੇ ਬਿਨਾ ਕਿਸੇ ਬਾਹਰੀ ਰੂਪ ਵਿਚ ਧੱਕਾ ਜ਼ਾਹਰ ਕਰੇ, ਜੇ ਖ਼ਤਮ ਕੀਤਾ ਜਾ ਸਕਦਾ ਸੀ ਤਾਂ ਇਹ ਗੱਲ ਅੰਗਰੇਜ਼ਾਂ ਲਈ ਸਭ ਤੋਂ ਚੰਗੀ ਹੋਣੀ ਸੀ। ਇਸੇ ਮਨੋਰਥ ਦੀ ਪੂਰਤੀ ਲਈ ਉਹ ਮਹਾਰਾਣੀ ਨੂੰ ਦੇਸ਼ ਨਿਕਾਲਾ ਦੇਣ ਵਿਚ ਕਦਮ ਦਰ ਕਦਮ ਨੂੰ ਕਾਰਵਾਈ ਕਰ ਰਹੇ ਸਨ। ਭੈਰੋਵਾਲ ਦੀ ਸੰਧੀ ਪਿੱਛੋਂ ਗਵਰਨਰ ਜਨਰਲ ਵਲੋਂ ਆਪਣੇ ਇਕ ਅਫਸਰ ਹੌਬਹਾਊਸ ਨੂੰ ਲਿਖੀਆਂ ਗਈਆਂ ਇਹ ਲਾਈਨਾਂ ਉਕਤ ਮਨੋਰਥ ਦੀ ਪੂਰੀ ਸਪਸ਼ਟਤਾ ਨਾਲ ਤਸਦੀਕ ਕਰ ਰਹੀਆਂ ਹਨ["It is an reality annexation brought about by the suppression of the Sikhs, without entailing upons up the present expense and future in convenience of a doubtful acquisition."

ਮਹਾਰਾਣੀ ਨੂੰ ਅੰਗਰੇਜ਼ ਸ਼ੇਖੂਪੁਰੇ ਵੀ ਸਹਿਣ ਕਰਨ ਨੂੰ ਤਿਆਰ ਨਹੀਂ ਸਨ। ਮਹਾਰਾਣੀ ਦੀ ਬਦਕਿਸਮਤੀ ਕਿ

ਅਪਰੈਲ, 1848 ਵਿਚ ਮੁਲਤਾਨ ਵਿਚ ਵਿਦਰੋਹ ਹੋ ਗਿਆ। ਇਸ ਦਾ ਸਿੱਧਾ ਦੋਸ਼ ਮਹਾਰਾਣੀ ਉਪਰ ਲਾਇਆ ਗਿਆ। ਇਸ ਲਈ 16 ਮਈ, 1848 ਨੂੰ ਬਹੁਤ ਹੀ ਗੁਪਤ ਤਰੀਕੇ ਨਾਲ ਅਤੇ ਬਹੁਤ ਹੀ ਸਖ਼ਤ ਪਹਿਰੇ ਹੇਠ ਮਹਾਰਾਣੀ ਸਾਹਿਬਾ ਨੂੰ ਸ਼ੇਖੂਪੁਰੇ ਤੋਂ ਬਨਾਰਸ ਦੇ ਕਿਲੇ ਵਿਚ ਲਿਜਾਇਆ ਗਿਆ। ਇਸ ਦੇ ਨਾਲ ਹੀ ਚਾਰ ਹਜ਼ਾਰ ਮਾਸਕ ਰੁਪਏ ਦੀ ਪੈਨਸ਼ਨ ਘਟਾ ਕੇ ਇਕ ਹਜ਼ਾਰ ਕਰ ਦਿਤੀ ਗਈ ਸੀ। ਮਹਾਰਾਣੀ ਨੇ ਇਸ ਸਭ ਕੁਝ ਬਾਰੇ ਆਪਣੇ ਆਪ ਨੂੰ ਤਿਆਰ ਕਰ ਲਿਆ ਸੀ। ਇਹ ਲਾਈਨਾਂ ਜੋ ਉਸ ਨੇ ਬਨਾਰਸ ਪਹੁੰਚਣ ਤੋਂ ਪਹਿਲਾਂ ਇਕ ਪੱਤਰ ਵਿਚ ਰੈਜੀਡੈਂਟ ਨੂੰ ਲਿਖੀਆਂ ਸਨ ਉਸ ਦੇ ਮਨ ਦੀ ਅਵਸਥਾ ਨੂੰ ਕਿੰਨੀ ਸਪਸ਼ਟਤਾ ਨਾਲ ਦਰਸਾਉਂਦੀਆਂ ਹਨ : "ਮੈਂ ਸਭ ਕੁਝ ਛੋੜ ਕਰ ਫ਼ਕੀਰ ਹੂਈ ਥੀ ਸੋ ਤੁਮ ਨੇ ਫ਼ਕੀਰ ਵੀ ਨਹੀਂ ਰਹਿਨੇ ਦੀਆ ਔਰ ਖਰਚ ਮੇ ਹਮ ਬਹੁਤ ਤੰਗ ਹੈਂ।"

ਜਨਵਰੀ, 1849 ਵਿਚ ਸ. ਸ਼ੇਰ ਸਿੰਘ ਅਟਾਰੀਵਾਲੇ ਅਤੇ ਉਸ ਦੇ ਪਿਤਾ ਸ. ਚਤਰ ਸਿੰਘ ਅਟਾਰੀਵਾਲੇ ਨੇ, ਅੰਗਰੇਜ਼ ਅਧਿਕਾਰੀਆਂ ਵਲੋਂ ਦੁਖੀ ਕੀਤੇ ਜਾਣ ਕਰ ਕੇ, ਬਗਾਵਤ ਕੀਤੀ ਸੀ ਅਤੇ ਚੇਲਿਆਂ ਵਾਲਾ ਦੇ ਅਸਥਾਨ 'ਤੇ ਅੰਗਰੇਜ਼ ਫੌਜ ਨੂੰ ਜਬਰਦਸਤ ਹਾਰ ਦਿਤੀ ਸੀ। ਇਸ ਹਾਰ ਦੀ ਖ਼ਬਰ ਮਹਾਰਾਣੀ ਪਾਸ ਵੀ ਬਨਾਰਸ ਵਿਖੇ ਪਹੁੰਚ ਗਈ ਸੀ। ਸ਼ੇਰ ਸਿੰਘ ਦੀ ਇਸ ਜਿੱਤ ਤੋਂ ਖੁਸ਼ ਹੋ ਕੇ ਉਸ ਨੂੰ ਇਕ ਪੱਤਰ ਲਿਖ ਕੇ ਕਿਸੇ ਹੱਥ ਭਿਜਵਾਇਆ। ਇਹ ਪੱਤਰ 10 ਫਰਵਰੀ, 1849 ਦਾ ਲਿਖਿਆ ਹੋਇਆ ਹੈ ਭਾਵ ਚੇਲਿਆਂਵਾਲੇ ਦੀ ਲੜਾਈ ਤੋਂ ਇਕ ਮਹੀਨਾ ਪਿੱਛੋਂ। ਇਸ ਸਮੇਂ ਤਕ ਸ਼ੇਰ ਸਿੰਘ ਦੀ ਜਿੱਤ ਦੇ ਬਹੁਤ ਚਰਚੇ ਹੋ ਰਹੇ ਸਨ। ਮਹਾਰਾਣੀ ਨੇ ਲਿਖਿਆ ਸੀ : "ਤੇਰੀ ਬਹਾਦਰੀ ਦੀਆਂ ਸੈਂਕੜੇ ਵਾਰ ਮੁਬਾਰਕਾਂ। ਜਦੋਂ ਤਕ ਸਵਰਗ ਅਤੇ ਜ਼ਮੀਨ ਕਾਇਮ ਰਹਿਣਗੇ ਲੋਕ ਤੇਰੀ ਬਹਾਦਰੀ ਦੀਆਂ ਗੱਲਾਂ ਕਰਨਗੇ। ਪਹਿਲੀ ਗੱਲ ਤੈਨੂੰ ਹਦਾਇਤ ਉਸ ਦਰਖ਼ਤ ਦੀ ਜੜ੍ਹ ਨੂੰ ਪੁੱਟਣ ਦੀ ਹੈ। ਇਹ ਗੱਲ ਤੂੰ ਫਿਰੰਗੀ ਨੂੰ ਸਜ਼ਾ ਲਾ ਕੇ ਕਰ ਸਕਦਾ ਹੈ। ਇਨ੍ਹਾਂ ਮਲੇਛਾਂ ਦੇ ਨਾਲ ਉਹੀ ਢੰਗ ਤਰੀਕੇ ਵਰਤ, ਲਾਹੌਰ ਤੋਂ ਕੱਢਣ ਲਈ ਜੋ ਇਹ ਸਾਡੇ ਨਾਲ ਵਰਤਦੇ ਆਏ ਨੇ। ਸਭ ਤੋਂ ਵਧ ਕੇ ਤੂੰ ਆਪਣਾ ਨਿਸ਼ਚਾ ਪੱਕਾ ਰੱਖ। ਇਨ੍ਹਾਂ ਪਾਸ ਇਸ ਪਾਸੇ (ਬਨਾਰਸ ਵਾਲੇ) ਕੋਈ ਸੈਨਾ ਨਹੀਂ ਹੈ ਅਤੇ ਇਨ੍ਹਾਂ ਵਿਚ ਵੀ ਫੁੱਟ ਹੈ। ਹਿੰਦੁਸਤਾਨੀ ਸਿਪਾਹੀਆਂ ਨੂੰ ਵੀ ਬਗਾਵਤ ਕਰਵਾਉਣ ਦੀ ਹਰ ਸੰਭਵ ਕੋਸ਼ਿਸ਼ ਕਰ। ਮੈਂ ਕੁਝ ਸਮਾਂ ਪਹਿਲਾਂ ਦੋ ਬੰਦੇ ਤੇਰੇ ਵੱਲ ਭੇਜੇ ਸਨ ਜਿਹੜੇ ਕਿ ਜਰੂਰ ਹੀ ਤੈਨੂੰ ਮਿਲ ਗਏ ਹੋਣਗੇ। ਦਿਨ ਰਾਤ ਮੇਰੇ ਖਿਆਲਾਂ ਵਿਚ ਪੰਜਾਬ ਹੀ ਰਹਿੰਦਾ ਹੈ..ਝੰਡਾ ਸਿੰਘ ਨੂੰ ਮੇਰੀ ਯਾਦ ਦਿਲਾਉਣਾ।" ਇਹ ਪੁੱਤਰ ਸ਼ੇਰ ਸਿੰਘ ਤਕ ਨਹੀਂ ਪਹੁੰਚਿਆ ਸੀ ਸਗੋਂ ਰਸਤੇ ਵਿਚ ਹੀ ਅੰਗਰੇਜ਼ਾਂ ਦੇ ਹੱਥ ਲਗ ਗਿਆ ਸੀ। ਸ਼ੇਰ ਸਿੰਘ ਗੁਜਰਾਤ ਵਿਖੇ ਹੋਈ ਹਾਰ (21 ਫਰਵਰੀ) ਦਾ ਇਕ ਵੱਡਾ ਕਾਰਨ ਵੀ ਇਹੀ ਸੀ ਕਿ ਨਾ ਉਸ ਦੇ ਪਾਸ ਮਹਾਰਾਜਾ ਸੀ ਅਤੇ ਨਾਂ ਹੀ ਰਾਜ ਮਾਤਾ। ਜੇ ਇਨ੍ਹਾਂ ਦੋਹਾਂ ਵਿਚੋਂ ਕੋਈ ਇਕ ਵੀ ਉਸ ਪਾਸ ਹੁੰਦਾ ਉਸ ਨੇ ਹਰ ਹਾਲਤ ਵਿਚ ਜਿੱਤ ਜਾਣਾ ਸੀ। ਜੇਕਰ ਇਹ ਚਿੱਠੀ ਵੀ ਉਸ ਨੂੰ ਮਿਲ ਜਾਂਦੀ ਤਾਂ ਵੀ ਉਸ ਨੂੰ ਕਾਫ਼ੀ ਫ਼ਰਕ ਪੈ ਜਾਣਾ ਸੀ।

ਇਸ ਪੱਤਰ ਦੇ ਅੰਗਰੇਜ਼ਾਂ ਹੱਥ ਲਗ ਜਾਣ ਕਰਕੇ ਮਹਾਰਾਣੀ ਨੂੰ ਬਨਾਰਸ ਤੋਂ ਬਦਲ ਕੇ ਉੱਤਰ ਪਰਦੇਸ਼ ਦੇ ਮਿਰਜ਼ਾਪੁਰ ਜ਼ਿਲੇ ਵਿਚ ਸਥਿਤ ਚੁਨਾਰ ਦੇ ਕਿਲੇ ਵਿਚ ਭੇਜਿਆ ਗਿਆ। ਚੁਨਾਰ ਦੇ ਕਿਲੇ ਦੀ ਕੈਦ ਬਹੁਤ ਸਖ਼ਤ ਸੀ। ਮਹਾਰਾਣੀ ਨੂੰ ਹਰ ਰੋਜ਼ ਆਪਣੀ ਇਕ ਖਾਸ ਨਿਸ਼ਾਨੀ ਵਾਲੀ ਬਾਂਹ ਇਕ ਖਿੜਕੀ ਰਾਹੀਂ ਕੱਢ ਕੇ ਕਿਲੇ ਦੇ ਮੁਖੀ ਨੂੰ ਦਿਖਾਉਣੀ ਪੈਂਦੀ ਸੀ। ਪਰ ਮਹਾਰਾਣੀ ਦਾ ਮਨ ਕਿਲੇ ਦੀਆਂ ਚਾਰ ਦਿਵਾਰੀਆਂ ਵਿਚ ਬੰਦ ਹੋਕੇ ਬੈਠਣ ਵਾਲਾ ਨਹੀਂ ਸੀ। ਉਹ ਬੇਕਸੂਰ ਸੀ ਪਰ ਬੇਕਸੂਰ ਨੂੰ ਹੀ ਅੰਤਾਂ ਦੀ ਸਜ਼ਾ ਦਿਤੀ ਜਾ ਰਹੀ ਸੀ। ਕਾਨੂੰਨੀ ਲੜਾਈ ਉਸ ਨੇ ਲੜ ਕੇ ਦੇਖ ਲਈ ਸੀ ਪਰ ਅੰਗਰੇਜ਼ ਸਰਕਾਰ ਦੇ ਕਿਸੇ ਕਾਨੂੰਨ ਦਾ ਜਾਂ ਕਿਸੇ ਦਲੀਲ ਦਾ ਕੋਈ ਅਸਰ ਨਹੀਂ ਸੀ। ਮਹਾਰਾਣੀ ਨੇ ਬਨਾਰਸ ਤੋਂ ਆਪਣਾ ਇਕ ਵਕੀਲ ਸ. ਜੀਵਨ ਸਿੰਘ ਨੂੰ ਗਵਰਨਰ ਜਨਰਲ ਪਾਸ ਆਪਣਾ ਮੁਕੱਦਮਾ ਪੇਸ਼ ਕਰਨ ਲਈ ਕਲਕੱਤੇ ਭੇਜਿਆ ਸੀ। ਉਸ ਨੇ ਕਲਕੱਤੇ ਪਹੁੰਚ ਕੇ ਪਹਿਲਾਂ 2 ਜਨਵਰੀ, 1848 ਨੂੰ ਫਿਰ 23 ਫਰਵਰੀ, 1848 ਨੂੰ ਆਪਣਾ ਕੇਸ ਪੇਸ਼ ਕੀਤਾ ਸੀ ਪਰ ਦੋਵੇਂ ਵਾਰ ਹੀ ਗਵਰਨਰ ਜਨਰਲ ਨੇ ਕੇਸ ਉਪਰ ਵਿਚਾਰ ਕਰਨ ਤੋਂ ਇਨਕਾਰ ਕਰ ਦਿਤਾ ਸੀ। ਹੁਣ ਸਿਵਾਏ ਅੰਗਰੇਜ਼ ਦੀ ਕੈਦ ਵਿਚੋਂ ਨਿਕਲਕੇ ਕਿਧਰੇ ਦੂਜੀ ਤਾਕਤ ਕੋਲ ਜਾਕੇ ਸ਼ਰਨ ਲੈਣ ਤੋਂ ਹੋਰ ਕੋਈ ਚਾਰਾ ਨਹੀਂ ਰਹਿ ਗਿਆ ਸੀ। ਮਹਾਰਾਣੀ ਪਾਸ ਨਾ ਪੁੱਤਰ ਸੀ, ਨਾ ਰਾਜ ਭਾਗ, ਨਾ ਪੈਨਸ਼ਨ ਅਤੇ ਨਾ ਹੀ ਕਿਸੇ ਕਾਨੂੰਨ ਦਾ ਸਹਾਰਾ। ਜਿਸ ਦੇ ਖੁੱਸਨ ਦਾ ਉਸ ਨੂੰ ਕੋਈ ਡਰ ਹੋਵੇ। ਇਸ ਲਈ ਉਸ ਨੇ ਅੰਗਰੇਜ਼ ਦੀ ਕੈਦ ਵਿਚੋਂ ਨਿਕਲ ਜਾਣ ਦੀ ਸਕੀਮ ਸੋਚੀ। ਚੁਨਾਰ ਪਹੁੰਚੀ ਨੂੰ ਅਜੇ ਸਿਰਫ ਦਸ ਦਿਨ ਹੀ ਹੋਏ ਸਨ ਕਿ 19 ਅਪਰੈਲ ਨੂੰ ਕਿਲੇ ਵਿਚ ਖਤਰੇ ਦਾ ਘੁੱਗੂ ਵੱਜ ਗਿਆ। ਦੱਸਿਆ ਗਿਆ ਸੀ ਕਿ ਮਹਾਰਾਣੀ ਕਿਲੇ ਵਿਚੋਂ ਨਿਕਲ ਗਈ

ਸੀ। ਮਹਾਰਾਣੀ ਕਿਲੇ ਵਿਚੋਂ ਕਿਵੇਂ ਨਿਕਲੀ ਅਤੇ ਨੇਪਾਲ ਤਕ ਕਿਵੇਂ ਕਿਵੇਂ ਪਹੁੰਚੀ ਇਸ ਬਾਰੇ ਤਾਂ ਅਜੇ ਤਕ ਵਿਸਥਾਰ ਵਿਚ ਜ਼ਿਆਦਾ ਕੁਝ ਪਤਾ ਨਹੀਂ ਲਗ ਸਕਿਆ ਪਰ ਇਤਨਾ ਜ਼ਰੂਰ ਪਤਾ ਲੱਗਦਾ ਹੈ ਕਿ ਮਹਾਰਾਣੀ ਸਾਧੂਆਂ ਦੇ ਭੇਸ ਵਿਚ ਅਤੇ ਦਰਿਆ ਦੇ ਰਸਤੇ ਜੌਨਪੁਰ ਅਤੇ ਆਜ਼ਮਗੜ ਆਦਿ ਸ਼ਹਿਰਾਂ ਵਿਚੋਂ ਦੀ ਹੁੰਦੀ ਹੋਈ ਅਪਰੈਲ ਦੇ ਅਖੀਰਲੇ ਦਿਨਾਂ ਵਿਚ ਨੇਪਾਲ ਪਹੁੰਚ ਗਈ ਸੀ। ਰਸਤੇ ਵਿਚ ਮਹਾਰਾਣੀ ਦੇ ਸ਼ਰਧਾਲੂ ਮਿਲਦੇ ਗਏ ਅਤੇ ਨੇਪਾਲ ਪਹੁੰਚ ਕੇ ਉਥੋਂ ਦੇ ਬਾਦਸ਼ਾਹ ਨੂੰ ਖ਼ਬਰ ਭੇਜੀ ਗਈ। ਨੇਪਾਲ ਦੇ ਪਰਧਾਨ ਮੰਤਰੀ ਰਾਣਾ ਜੰਗ ਬਹਾਦਰ ਨੇ ਮਹਾਰਾਣੀ ਲਈ ਅੱਛੀ ਰਿਹਾਇਸ਼ ਦਾ ਪਰਬੰਧ ਕੀਤਾ ਅਤੇ ਲੋੜੀਂਦੀ ਰਕਮ ਉਸ ਦੇ ਗੁਜ਼ਾਰੇ ਲਈ ਨੀਯਤ ਕਰ ਦਿਤੀ ਸੀ।

ਨੇਪਾਲ ਅਤੇ ਬਰਿਟਿਸ਼ ਸਰਕਾਰ ਭਾਵੇਂ ਆਪਸ ਵਿਚ ਦੋਸਤ ਤਾਕਤਾਂ ਤਾਂ ਨਹੀਂ ਸਨ ਪਰ ਨੇਪਾਲ ਇਕ ਕਮਜ਼ੋਰ ਦੇਸ਼ ਹੋਣ ਕਰਕੇ ਮਹਾਰਾਣੀ ਦੀ ਕੋਈ ਰਾਜਸੀ ਸਹਾਇਤਾ ਨਹੀਂ ਕਰ ਸਕਿਆ। ਬਰਿਟਿਸ਼ ਸਰਕਾਰ ਨੇ ਵੀ ਨੇਪਾਲ ਸਰਕਾਰ 'ਤੇ ਕੋਈ ਜ਼ਿਆਦਾ ਸਖ਼ਤਾਈ ਨਹੀਂ ਕੀਤੀ ਕਿਉਂਕਿ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ ਸੀ। ਮਹਾਰਾਜਾ ਦਲੀਪ ਸਿੰਘ ਨੂੰ ਬਾਹਰ ਇੰਗਲੈਂਡ ਵਿਚ ਭੇਜ ਦਿਤਾ ਗਿਆ ਸੀ। ਸਿੱਖ ਸਰਦਾਰ ਅਲੱਗ ਅਲੱਗ ਥਾਵਾਂ ਦੀਆਂ ਜੇਲਾਂ ਵਿਚ ਬੰਦ ਸਨ ਅਤੇ ਖਾਲਸਾ ਫੌਜ ਖ਼ਤਮ ਕਰ ਦਿਤੀ ਗਈ ਸੀ। 1857 ਦਾ ਗਦਰ ਵੀ ਕੁਚਲਿਆ ਗਿਆ ਸੀ। ਇਸੇ ਕਰਕੇ ਬਰਿਟਿਸ਼ ਸਰਕਾਰ ਦਾ ਇਸ ਪ੍ਰਤੀ ਝੁਕਾਅ ਇਨ੍ਹਾਂ ਲਾਈਨਾਂ ਰਾਹੀਂ ਪਰਗਟ ਹੋ ਜਾਂਦਾ ਹੈ। ਡਲਹੌਜੀ ਨੇ ਆਪਣੇ ਇਕ ਅਫਸਰ ਨੂੰ ਮਹਾਰਾਣੀ ਦੇ ਨੈਪਾਲ ਪਹੁੰਚਣ ਬਾਰੇ ਲਿਖਿਆ ਸੀ : "The flight of the Rani is just what you call it rather annoying than important. In some respects it is rather useful than otherwise. You will get and save money by it, and be spread of the custody of running, a good-for-nothing a woman."

ਬਰਿਟਿਸ਼ ਸਰਕਾਰ ਨੇ ਮਹਾਰਾਣੀ ਦੀ ਭਾਰਤ ਅਤੇ ਪੰਜਾਬ ਵਿਚ ਰਹਿ ਗਈ ਹਰ ਕਿਸਮ ਦੀ ਜਾਇਦਾਦ ਜ਼ਬਤ ਕਰ ਲਈ ਸੀ ਅਤੇ ਨੈਪਾਲ ਤੇ ਭਾਰਤ ਦੇ ਹਰ ਸਬੰਧਤ ਬਰਿਟਿਸ਼ ਅਧਿਕਾਰੀ ਨੂੰ ਮਹਾਰਾਣੀ ਨਾਲ ਕਿਸੇ ਵੀ ਕਿਸਮ ਦੀ ਗੱਲ ਕਰਨ ਤੋਂ ਰੋਕ ਕਿਤਾ ਗਿਆ ਸੀ। ਭਾਵੇਂ ਮਹਾਰਾਣੀ ਨੂੰ ਨੇਪਾਲ ਸਰਕਾਰ ਵਲੋਂ ਆਰਾਮ ਨਾਲ ਰਹਿਣ ਲਈ ਹਰ ਸਹੂਲਤ ਪਰਾਪਤ ਹੋ ਗਈ ਸੀ ਪਰ ਬਰਿਟਿਸ਼ ਸਰਕਾਰ ਦੇ ਦਬਾਅ ਕਾਰਨ ਨੇਪਾਲ ਸਰਕਾਰ ਨੇ ਮਹਾਰਾਣੀ ਨੂੰ ਕਿਸੇ ਵੀ ਕਿਸਮ ਦੀ ਰਾਜਨੀਤਕ ਕਾਰਵਾਈ ਵਿਚ ਪੈਣ ਤੋਂ ਰੋਕ ਦਿੱਤਾ ਸੀ। ਇਨ੍ਹਾਂ ਰੋਕਾਂ ਦੇ ਕਾਰਨ ਅਤੇ ਮਹਾਰਾਣੀ ਦੀ ਰਾਜਸੀ ਬੇਚੈਨੀ ਦੇ ਕਾਰਨ ਦੋਹਾਂ ਧਿਰਾਂ ਦੇ ਸਬੰਧ ਕੁਝ ਸਮੇਂ ਬਾਅਦ ਖਰਾਬ ਵੀ ਹੋ ਗਏ ਸਨ। ਆਖਰਕਾਰ ਨੇਪਾਲ ਸਰਕਾਰ ਦੇ ਵਿਰੋਧ ਦੇ ਕਾਰਨ ਮਹਾਰਾਣੀ ਨੂੰ ਕਾਫੀ ਨਿਰਾਸ਼ ਹੋਣਾ ਪਿਆ ਅਤੇ ਉਸ ਨੇ ਫਿਰ ਤੋਂ ਭਾਰਤ ਵਿਚ ਆਪਣੀ ਜ਼ਬਤ ਹੋ ਚੁੱਕੀ ਜਾਇਦਾਦ ਨੂੰ ਪਰਾਪਤ ਕਰਨ ਦੇ ਯਤਨ ਕੀਤੇ। ਕੁਝ ਸਮਾਂ ਤਾਂ ਬਰਿਟਿਸ਼ ਸਰਕਾਰ ਉਸ ਦੀ ਹਰ ਇਕ ਅਪੀਲ ਨੂੰ ਰੱਦ ਕਰਦੀ ਰਹੀ ਪਰ 1856 ਵਿਚ ਲਾਰਡ ਕੈਨਿੰਗ ਦੇ ਗਵਰਨਰ ਜਨਰਲ ਬਣ ਕੇ ਆਉਣ ਕਾਰਨ ਬਰਿਟਿਸ਼ ਸਰਕਾਰ ਦੀ ਮਹਾਰਾਣੀ ਅਤੇ ਮਹਾਰਾਜਾ ਦਲੀਪ ਸਿੰਘ ਪਰਤੀ ਨੀਤੀ ਵੀ ਬਦਲ ਗਈ ਸੀ।

ਅਪਰੈਲ, 1861 ਵਿਚ ਮਹਾਰਾਣੀ ਨੂੰ ਆਪਣੇ ਪੁੱਤਰ ਮਹਾਰਾਜਾ ਦਲੀਪ ਸਿੰਘ ਨਾਲ, ਪੂਰੇ 14 ਸਾਲਾਂ ਬਾਦ ਮਿਲਣ ਦੀ ਇਜ਼ਾਜ਼ਤ ਦੇ ਦਿਤੀ ਗਈ। ਕਲਕੱਤੇ ਵਿਖੇ ਦੋਵੇਂ ਮਾਂ-ਪੁੱਤਰਾਂ ਦੀ ਮੁਲਾਕਾਤ ਹੋਈ। ਮਹਾਰਾਣੀ ਨੇ ਮਿਲਣ ਸਾਰ ਮਹਾਰਾਜ ਦਲੀਪ ਸਿੰਘ ਨੂੰ ਅੰਮ੍ਰਿਤ ਛਕ ਕੇ ਸਿੰਘ ਸਜਣ ਦੀ ਹਦਾਇਤ ਕੀਤੀ। ਇਸ ਅਨੁਸਾਰ ਉੱਥੇ ਹੀ ਫੌਜ ਦੇ ਸਿੱਖ ਸੱਜਣਾਂ ਰਾਹੀਂ ਮਹਾਰਾਜੇ ਨੂੰ ਅੰਮ੍ਰਿਤ ਛਕਾਇਆ ਗਿਆ। ਕਾਫੀ ਜਾਇਦਾਦ ਵੀ ਮੁੜ ਕੇ ਮਹਾਰਾਜੇ ਨੂੰ ਦੇ ਦਿੱਤੀ ਗਈ ਸੀ। ਮਹਾਰਾਜਾ ਆਪਣੇ ਨਾਲ ਹੀ ਆਪਣੀ ਦੁਖੀ ਮਾਂ ਨੂੰ ਵਾਪਸ ਇੰਗਲੈਂਡ ਵਿਚ ਲੈ ਗਿਆ ਸੀ। ਭਾਵੇਂ ਇੰਗਲੈਂਡ ਵਿਖੇ ਦੋਹਾਂ ਮਾਂ-ਪੁੱਤਰਾਂ ਦਾ ਜੀਵਨ ਬਹੁਤ ਆਰਾਮ ਭਰਿਆ ਸੀ ਪਰ ਆਪਣੇ ਪੰਜਾਬ ਦੀ ਤੜਪ ਉਨ੍ਹਾਂ ਦੇ ਦਿਲਾਂ ਵਿਚ ਹਮੇਸ਼ਾਂ ਤੜਪਦੀ ਰਹੀ। ਮਹਾਰਾਣੀ ਦੀ ਇੱਛਾ ਸੀ ਕਿ ਉਸ ਦੇ ਮਰਨ ਦੇ ਪਿਛੋਂ ਉਸ ਦੀਆਂ ਅਸਥੀਆਂ ਉਸ ਦੇ ਆਪਣੇ ਦੇਸ਼ ਲਿਜਾਈਆਂ ਜਾਣ। 1863 ਵਿਚ ਸਿਰਫ 46 ਸਾਲਾਂ ਦੀ ਉਮਰ ਵਿਚ ਮਹਾਰਾਣੀ ਜਿੰਦ ਕੌਰ, ਸਮੇਂ ਤੋਂ ਪਹਿਲਾਂ ਦੀ ਬੁੱਢੀ ਹੋ ਕੇ, ਅੱਖਾਂ ਦੀ ਜੋਤ ਗੁਆ ਕੇ ਅਤੇ ਅਤੀ ਨਿਰਾਸ਼ਾ ਦੀ ਹਾਲਤ ਵਿਚ ਸਵਰਗ ਨੂੰ ਸਿਧਾਰ ਗਈ ਸੀ। ਉਸ ਦੀਆਂ ਅਸਥੀਆਂ ਨੂੰ ਮਹਾਰਾਜਾ ਦਲੀਪ ਸਿੰਘ ਨੇ ਬਰਿਟਿਸ਼ ਫੌਜ ਦੇ ਬਹੁਤ ਹੀ ਸਖ਼ਤ ਪਹਿਰੇ ਹੇਠ ਗੰਗਾ ਦਰਿਆ ਵਿਚ ਤੇਰ ਦਿਤੀਆਂ ਸਨ। ਪੰਜਾਬ ਵਿਖੇ ਪਹੁੰਚਣ ਦੀ ਉਸ ਨੂੰ ਇਜ਼ਾਜ਼ਤ ਨਹੀਂ ਦਿਤੀ ਗਈ ਸੀ।

.......................................................

## ਨਾਮਧਾਰੀ ਸੰਗਤ ਟਰਾਟੋਂ ਵਲੋਂ ਪਦਮ ਸ੍ਰੀ ਸੁਰਜੀਤ ਪਾਤਰ ਦੀ ਯਾਦ 'ਚ ਸਮਾਗਮ ਕਰਵਾਇਆ ਮਿਤੀ: 21.07.2024
## ਸ੍ਰੀ ਸਤਿਗੁਰੂ ਜੀ ਆਏ ਹੋਏ ਸਾਹਿਤਕਾਰਾਂ ਨੂੰ ਨਿਵਾਜ਼ਦੇ ਹੋਏ।












# ਦਰਸਨ ਪੇਖਤ ਹੋਇ ਨਿਹਾਲੁ

















# ਸਰਬ ਧਰਮ ਸੰਮੇਲਨ 20.07.2024












# ਸਭ ਤੇ ਊਚ ਜਾ ਕਾ ਦਰਬਾਰੁ















# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**21 ਮਾਰਚ ,1987, ਐਤਵਾਰ;**
**ਨਵੀਂ ਦਿੱਲੀ**

ਅੱਜ ਦਾ ਦਿਨ ਸ. ਸੁੱਚਾ ਸਿੰਘ ਜੀ ਨਮਿਤ ਸੀ। ਸੁੱਚਾ ਸਿੰਘ ਜਿਸਨੇ ਸਰਕਾਰੀ ਮੁਲਾਜਮਤ ਕਰਦਿਆਂ ਸ੍ਰੀ ਸਤਿਗੁਰੂ ਜੀ ਪ੍ਰਤਾਪ ਸਿੰਘ ਜੀ ਦਾ ਨਿਵਾਸ ਦਿੱਲੀ ਆਉਣ ਜਾਣ ਸਮੇਂ ਆਪਣੇ ਘਰ ਰੱਖਿਆ ਅਤੇ ਆਗਿਆ ਅਨੁਸਾਰ ਸਰਕਾਰੇ ਦਰਬਾਰੇ ਕਾਰਜ ਕੀਤੇ। ਸਤਿਗੁਰੂ ਜੀ ਦੀ ਕਿਰਪਾ ਸਦਕਾ ਜਿਸਦੇ ਘਰ 7 ਬੇਟੇਆਂ ਤੋਂ ਬਾਅਦ 8 ਵੀਂ ਬੇਟੀ ਨੇ ਜਨਮ ਲਿਆ। ਸਤਿਗੁਰੂ ਜੀ ਨੇ ਸ. ਸੋਖੀ ਦੇ ਪਿਆ ਦੀ ਸੇਵਾ ਨੂੰ ਮੁੱਖ ਰੱਖਦਿਆਂ ਸਤਿਕਾਰ ਪਿਆਰ ਨਾਲ ਭਰਪੂਰ ਰੱਖਿਆ। ਪੁੱਤਰੀਆਂ ਨੂੰ ਵਿਵਾਹਿਤ ਕੀਤਾ। ਪੁੱਤਰ ਦਾ ਆਨੰਦ ਕਾਰਜ ਨਾਮਧਾਰੀਆਂ ਵਿੱਚ ਪ੍ਰਸਿੱਧ ਸੇਠ , ਦਾਨੀ ਤੇ ਸੇਵਕ ਚਾਵਲਾ ਤ੍ਰਿਲੋਕ ਸਿੰਘ 7 ਬੱਚਿਆਂ ਪਿੱਛੋਂ ਹੋਈ ਇੱਕ ਪੁੱਤਰੀ ਨਾਲ ਕੀਤਾ। ਸ. ਸੋਖੀ 2 ਮਹੀਨੇ ਗੁਰਦੇ ਦੀ ਤਕਲੀਫ ਨਾਲ ਬਿਮਾਰ ਰਹਿ ਕੇ 14. 3. 87 ਨੂੰ ਸੁਰਗ ਸਿਧਾਰ ਗਿਆ ਸੀ ਅਤੇ ਅੱਜ ਉਸਦਾ ਭੋਗ ਪੈਣਾ ਸੀ ਸਤਿਗੁਰੂ ਜੀ ਦੀ ਹਜੂਰੀ ਵਿੱਚ।

ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਜਥੇਦਾਰ ਸੇਵਾ ਸਿੰਘ ਜੀ ਨੇ ਕੀਤਾ। ਮੈਂ ਸਵੇਰੇ 9.30 ਵਜੇ ਕੋਠੀ ਪੂਸਾ ਰੋਡ ਪੁੱਜਾ ਤਾਂ ਸ੍ਰੀ ਸਤਿਗੁਰੂ ਜੀ ਆਸਾ ਦੀ ਵਾਰ ਦੇ ਗਏ ਹੋਏ ਅਜੇ ਪਰਤੇ ਨਹੀ ਸਨ। ਆਪ ਜੀ ਨੇ ਇੱਕ ਘੰਟੇ ਪਿੱਛੋਂ ਆ ਕੇ ਦਰਸ਼ਨ ਦਿੱਤੇ ਤਾਂ ਮੈਨੂੰ ਦੱਸਿਆ ਕਿ ਆਸਾ ਦੀ ਵਾਰ ਤੋਂ ਪਿੱਛੋਂ ਆਪ ਜੀ ਰਾਗੀ ਸ਼ਮਸ਼ੇਰ ਸਿੰਘ ਜੀ ਦੇ ਘਰ ਪਧਾਰੇ ਸਨ। ਦੁਖ ਸੰਤਪਤ ਅਤੇ ਕੇਵਲ ਇਸਤਰੀ ਪਰਵਾਰ ਦੀ ਸੁਧ ਲੈਣ ਗਿਆ ਆਪ ਜੀ ਨੇ ਬੀਬੀ ਗੁਰਚਰਨ ਕੋਰ ਸੁਪਤਨੀ ਤਾਕਰ ਜੀ ਬਾਰੇ ਖਾਸ ਫਿਕਰ ਸੀ। ਉਹ ਤਾਕਰ ਜੀ ਦੀ ਮੋਤ ਤੋਂ ਬਾਅਦ ਪੱਥਰ ਜੈਸੀ ਹੋ ਗਈ ਸੀ। ਸਤਿਗੁਰੂ ਜੀ ਨੇ ਦੱਸਿਆ, ਡਾਕਟਰ ਨੇ ਕਿਹਾ ਸੀ ਕਿ ਜਾਂ ਬੀਬੀ ਰੱਜ ਕੇ ਸੋਵੇਂ ਜਾਂ ਰੋਵੇ ਤਾਂ ਠੀਕ ਹੈ। ਘਰ ਵਾਲੇ ਉਸਨੂੰ ਨੀਂਦ ਦੀਆਂ ਗੋਲੀਆਂ ਨਾਲ ਸੁਆਉਂਦੇ ਰਹੇ। ਮੈਂ ਕਿਹਾ ਕਿ ਇਹਨਾ ਗੋਲੀਆਂ ਦੀ ਵਰਤੋ ਘਟਾਓ ਤਾਂ ਕਿ ਕੋਈ ਹੋਰ ਰੋਗ ਨਾ ਪੈਦਾ ਹੋ ਜਾਵੇ। ਗੋਲੀਆਂ ਘਟਾਓਂਦੇ ਨਾਲ ਨੀਂਦ ਵੀ ਕੁਦਰਤੀ ਹੋ ਜਾਵੇਗੀ। ਇਸ ਪਰਵਾਰ ਨੂੰ ਪਿਆਰ ਸਤਿਕਾਰ ਦੇ ਸੱਚੇ ਪਾਤਸ਼ਾਹ ਸ. ਅਵਤਾਰ ਸਿੰਘ ਅੰਮ੍ਰਿਤਸਰੀ ਨੂੰ ਵੇਖਣ ਮੈਡੀਕਲ ਇਨਸਟੀਚਿਊਟ ਵਿਖੇ ਪਧਾਰੇ।

ਸਤਿਗੁਰੂ ਜੀ ਨੇ ਦੱਸਿਆ ਅਵਤਾਰ ਦੂਜੀ ਵਾਰ ਮੋਤ ਦਾ ਗਰਾਹਕ ਬਣ ਚਲਿਆ ਸੀ। ਮੈਡੀਕਲ ਵਾਲਿਆ ਨੇ ਦੱਸਿਆ ਕਿ ਉਸਦੇ ਸੱਜੇ ਪਾਸੇ ਫੇਫੜੇ ਨੂੰ ਆਰਾਮ ਆ ਰਿਹਾ ਸੀ। ਫੇਫੜੇ ਦੇ ਹੇਠ ਜੋ ਕੈਂਸਰ ਦਾ ਨਾਸੂਰ ਸੀ ਉਹ ਸੁਕੜਦਾ ਜਾ ਰਿਹਾ ਸੀ। ਪਰ ਅਵਤਾਰ ਦੀ ਨਿੱਕੀ ਜਿਹੀ ਢਿੱਲ ਕਾਰਨ ਠੰਢ ਲੱਗ ਕੇ ਉਸਨੂੰ ਨਮੋਨੀਆ ਹੋ ਗਿਆ ਸੀ। ਸਰੀਰ ਤਾਂ ਅੱਗੇ ਹੀ ਬੜਾ ਕਮਜੋਰ ਸੀ। ਡਾਕਟਰਾਂ ਨੇ ਇਸਨੂੰ ਕੋਠੀਓ ਸਿੱਧਾ ਹਸਪਤਾਲ ਬੁਲਾ ਲਿਆ ਜਿੱਥੇ ਸਾਰੇ ਲੁੜੀਂਦੇ ਗਲੂਕੋਜ ਦੇਣ ਦਾ ਪ੍ਰਬੰਧ ਸੀ। ਹੁਣ ਉਹ ਪੈਰੋ ਪੈਰ ਸਿਹਤ ਵੱਲ ਵਧ ਰਿਹਾ ਸੀ। ਸ. ਸੂਰਤ ਸਿੰਘ ਤੇ ਉਹਨਾਂ ਦੇ ਘਰੋ ਵੀ ਆਏ ਹੋਏ ਸਨ। ਕੱਲ ਦੇ ਹੋਏ ਸੰਗੀਤ ਪ੍ਰੋਗਰਾਮ ਬਾਰੇ ਵੀ ਮੇਰੇ ਨਾਲ ਚਰਚਾ ਹੋਈ। ਆਪਣੀ ਟਿੱਪਣੀ ਦੇਣ ਤੋਂ ਪਹਿਲਾਂ ਹੀ ਮੈਨੂੰ ਸਤਿਗੁਰੂ ਜੀ ਨੇ ਪੁੱਛਿਆ ਕਿ ਕਿਵੇਂ ਰਿਹਾ ਕੱਲ ਦਾ ਪ੍ਰੋਗਰਾਮ? ਮੈਂ ਕਿਹਾ ਕਿ ਜਿਸ ਤਜਵੀਜ ਨਾਲ ਪ੍ਰੋਗਾਰਾਮ ਰੱਖਿਆ ਗਿਆ ਉਸੇ ਅਨੁਸਾਰ ਉਹਨਾਂ ਦੇ

ਗਾਉਣ ਵਜਾਉਣ ਦੇ ਨੰਬਰ ਸਨ। ਸਤਿਗੁਰੂ ਜੀ ਸਹਿਮਤ ਸਨ। ਆਪ ਜੀ ਦੀ ਰਾਇ ਸੀ ਕਿ ਗੁਰਦੇਵ ਸਿੰਘ ਸਰੋਦ ਵਲੋਂ ਅਭਿਆਸ ਹੀਨ ਹੋ ਗਿਆ ਹੈ। ਸਤਿਗੁਰੂ ਜੀ ਇਸ਼ਨਾਨ ਕਰਕੇ ਪ੍ਰਸ਼ਾਦ ਛਕਣ ਕਰਕੇ ਕਮਰੇ ਵੱਲ ਗਏ ਤਾਂ ਫਿਰ ਮੈਨੂੰ ਆਵਾਜ ਪੈ ਗਈ।

ਸ੍ਰੀ ਸਤਿਗੁਰੂ ਜੀ ਪਾਸ ਸੇਠ ਤ੍ਰਿਲੋਕ ਸਿੰਘ ਜੀ ਬੈਠੇ ਹੋਏ ਸਨ। ਸੇਠ ਜੀ ਸਵੇਰੇ ਹੀ ਆਪਣੇ ਕੁੜਮ ਦੇ ਭੋਗ ਵਿੱਚ ਸ਼ਾਮਲ ਹੋਣ ਲਈ ਆਏ ਸਨ ਬੰਕੋਕ ਵਿੱਚੋਂ । ਸਤਿਗੁਰੂ ਜੀ ਪ੍ਰਸ਼ਾਦ ਛਕ ਰਹੇ ਸਨ। ਮੈਂ ਵੇਖਿਆ ਅੱਜ ਪ੍ਰਸ਼ਾਦ ਛਕਣ ਵਾਲੇ ਲਾਂਗਰੀ ਸਤਿਨਾਮ ਸਿੰਘ ਨੇ ਸਤਿਗੁਰੂ ਜੀ ਨੂੰ ਮੱਖਣ ਦਿੱਤਾ। ਤਾਂ ਉਂਗਲਾ ਨਾਲ ਪਾਇਆ। ਇੰਜ ਹੀ ਬੀਬੀ ਸੁਰਜੀਤ ਕੌਰ ਨੇ ਪਨੀਰ ਦਿੱਤਾਤਾਂ ਉਹ ਵੀ ਉਗਲਾਂ ਨਾਲ ਸਤਿਗੁਰੂ ਜੀ ਦੇ ਬਰਤਨ ਵਿੱਚ ਪਾਇਆ ਗਿਆ ਐਸੀ ਗੱਲ ਅੱਗੇ ਤਾਂ ਵੇਖੀ ਨਹੀਂ ਗਈ ਸੀ। ਚਮਚ ਦੀ ਥਾਂ ਉਗਲਾਂ ਨਾਲ ਕੰਮ ਕਰਨ ਤੇ ਮੈਨੂੰ ਇਹ ਖਿਆਲ ਆਇਆ ਕਿ ਸ਼ਾਇਦ ਮੈਨੂੰ ਇਹੋ ਕੁਝ ਵਖਾਣ ਲਈ ਸੱਦਿਆ ਹੋਵੇ। ਸਤਿਗੁਰੂ ਜੀ ਨੇ ਇਸ ਬਾਰੇ ਕਿਸੇ ਨੂੰ ਕੁਝ ਨਹੀਂ ਕਿਹਾ। ਥੋੜੇ ਸਮੇਂ ਬਾਅਦ ਸਤਿਗੁਰੂ ਜੀ ਨੇ ਫੁਰਮਾਇਆ ਕਿ ਤੁਸਾਂ ਸੰਤ ਬਲਬੀਰ ਸਿੰਘ ਵਿਯੋਗੀ ਨੂੰ ਮਿਲਣ ਜਾਣਾ ਹੈ ਉਹਨਾਂ ਨਾਲ ਵੈਦ ਗੁਰਦੇਵ ਸਿੰਘ ਬਨਾਰਸ ਦੀ ਰਿਹਾਇਸ਼ ਬਾਰੇ ਗੱਲ ਕਰਨੀ। ਸ. ਲਹਿਣਾ ਸਿੰਘ ਦੇ ਸਵਰਗਵਾਸ ਪਿੱਛੋਂ ਗੁਰਦੇਵ ਸਿੰਘ ਦੀ ਰਿਹਾਇਸ਼ ਉਹਨਾਂ ਦੇ ਘਰੋਂ ਕਿਤੇ ਹੋਰ ਕਰਨੀ ਜਰੂਰੀ ਹੋ ਗਈ ਸੀ। ਗੁਰਦੇਵ ਸਿੰਘ ਬਨਾਰਸ ਵਿਖੇ ਸ੍ਰੀ ਮਹੰਤ ਕੇਸਰੀ ਜੀ ਦੇ ਸੰਸਕ੍ਰਿਤ ਵਿਦਿਆਲੇ ਗਿਆ ਹੋਇਆ ਸੀ। ਪਰ ਹੁਣ ਉਹ 2 ਦਿਨ ਤੋਂ ਦਿੱਲੀ ਸੀ। ਮੈਂ ਅਤੇ ਵੈਦ ਤਾਂ ਸੰਤ ਵਿਯੋਗੀ ਜੀ ਦੇ ਡੇਰੇ ਸੰਤਪੁਰੇ ਮਾਡਲ ਟਾਊਨ ਚਲੇ ਗਏ। ਸਤਿਗੁਰੂ ਜੀ ਪ੍ਰਸ਼ਾਦ ਛਕਕੇ ਆਰਾਮ ਕਰਨਾ ਸੀ। ਫੇਰ ਦਰਸ਼ਨ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ 2 ਤੋਂ 3 ਦੇ ਨਾਮ ਸਿਮਰਨ ਸਮੇਂ ਕੀਤੇ। ਅੱਜ ਸਾਧ ਸੰਗਤ ਬਹੁਤ ਆਈ ਹੋਈ ਸੀ। ਹਾਲ ਤੋਂ ਬਾਹਰ ਚਾਨਣੀਆਂ ਤੇ ਹੋਰ ਵੀ ਕਾਫੀ ਸੰਗਤ ਸੀ। ਰਿਸ਼ਤੇਦਾਰੀ ਵਿੱਚੋਂ ਵੀ ਬਹੁਤ ਲੋਕ ਆਏ।

ਨਾਮ ਸਿਮਰਨ ਤੋਂ ਪਹਿਲਾਂ ਜਥੇਦਾਰ ਸੇਵਾ ਸਿੰਘ ਦਾ ਮ੍ਰਿਤੂ ਦੀ ਵਿਆਖਿਆ ਸ. ਸੁੱਚਾ ਸਿੰਘ ਦੇ ਸੁਭਾਓ ਕਰਮ ਦੀ ਚਰਚਾ ਕਰਦਿਆਂ ਸੇਵਾ ਦਿਓ ਜੀ ਨੇ 12 ਤੋਂ 2 ਦਾ ਕੀਰਤਨ ਕੀਤਾ। ਪੌਣੇ ਤਿੰਨ ਵਜੇ ਸੁੱਚਾ ਸਿੰਘ ਸੋਖੀ ਨਮਿਤ ਭੋਗ ਪੈਣਾ ਸ਼ੁਰੂ ਹੋਇਆ ਇਸ ਦੌਰਾਨ ਸ. ਦਲਜੀਤ ਸਿੰਘ ਸੋਖੀ ਆਪਣੇ ਪਿਤਾ ਨਮਿਤ ਆਪਣੀ ਮਾਤਾ ਤੇ ਪਰਵਾਰ ਲੈਕੇ ਦੇਸ਼ ਵਿੱਚ ਆਈਆਂ ਆਪਣੀਆਂ ਭੈਣਾਂ ਨਾਲ ਆਇਆ। ਬਸਤਰ, ਬਰਤਨ; ਬਿਸਤਰਆਦਿ ਭੇਟਾ ਲੈ ਕੇ ਆਏ। ਭੋਗ ਪੈਣ ਉਪ੍ਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਸ. ਦਲਜੀਤ ਸਿੰਘ ਨੂੰ ਦਸਤਾਰ ਸਜਾਈ। ਸਮਾਗਮ ਸਮਾਪਤੀ ਦੀ ਅਰਦਾਸ ਮਹਿੰਦਰ ਸਿੰਘ ਪੂਰਬਾ ਨੇ ਕੀਤੀ। ਸੰਤ ਤਰਸੇਮ ਸਿੰਘ ਸਕੱਤਰ ਤੋਂ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਜੀ ਇੱਥੋਂ ਹੀ ਕੱਲ ਮੰਡੀ ਵਾਸਤੇ ਹਵਾਈ ਜਹਾਜ ਲੈਣਗੇ। 27 ਤਰੀਕ ਨੂੰ ਦਿੱਲੀ ਦਰਸ਼ਨ ਦੇਣਗੇ।

## 22 ਮਾਰਚ, 1987 ਸੋਮਵਾਰ

ਉਸਤਾਦ ਹਰਭਜਨ ਸਿੰਘ 9.30 ਵਜੇ ਸਵੇਰੇ ਮੇਰੇ ਘਰ ਆਇਆ ਤਾਂ ਉਸ ਦੱਸਿਆ ਕਿ ਕੱਲ ਸੁੱਚਾ ਸਿੰਘ ਸੋਖੀ ਦਾ ਭੋਗ ਪਾਉਂਦਿਆਂ ਹੀ ਸਤਿਗੁਰੂ ਜੀ ਉਸਤਾਦ ਅਜਮਦ ਅਲੀ ਖਾਂ ਦੇ ਘਰ ਵਿਖੇ ਆਪਣੇ ਦਲ ਬਲ ਨਾਲ ਪਧਾਰੇ। ਸ੍ਰੀ ਗੁਰਦੇਵ ਸਿੰਘ- ਹਰਭਜਨ ਸਿੰਘ ਨੂੰ ਆਪਣੇ ਉਸਤਾਦ ਨਾਲ 4 ਵਜੇ ਸ਼ਾਮ ਦੀ ਮੁਲਾਕਾਤ ਉਸਤਾਦ ਅਜਮਦ ਅਲੀ ਨਾਲ ਤੈਅ ਕਰਨ ਲਈ ਕਿਹਾ ਗਿਆ ਸੀ। ਇਸ ਅਨੁਸਾਰ ਕਲ ਲਗਾਤਾਰ 4 ਘੰਟੇ ਉਸਤਾਦ ਜੀ ਦੇ ਘਰ ਰੋਣਕਾ ਰਹੀਆਂ। ਸ੍ਰੀ ਸਤਿਗੁਰੂ ਜੀ ਨੇ ਕੱਲ ਮੈਨੂੰ ਉੱਥੇ ਗਿਆ ਯਾਦ ਕੀਤਾ। ਪਰ ਮੈਨੂੰ ਤਾਂ ਅਜਿਹੀ ਸੂਚਨਾ ਕੋਈ ਨਹੀਂ ਸੀ। ਜਾਪਦਾ ਹੈ ਕਿ ਜਿਹੜੀ ਖਾਮੋਸ਼ੀ ਸ੍ਰੀ ਸਤਿਗੁਰੂ ਜੀ ਤੇ ਉਸਤਾਦ ਅਜਮਦ ਅਲੀ ਖਾਨ ਦੀ ਚੱਲ ਰਹੀ ਸੀ।ਉਸਦਾ ਕਾਰਨ ਪਿੰਕੀ ਦਾ ਵਤੀਰਾ ਸੀ ਜਿਸ ਬਾਰੇ ਸ੍ਰੀ ਸਤਿਗੁਰੂ ਜੀ ਅਤੇ ਉਸਤਾਦ ਦੀ ਇਕੱਤਰਤਾ ਹੋ ਗਈ ਸੀ ਤੇ ਉਸਤਾਦ ਜੀ ਨੇ ਆਪਣੀ ਸੰਸਥਾ ਦੁਆਰਾ ਨਾਮਧਾਰੀਆਂ ਨੂੰ ਸੰਗੀਤ ਦਾ ਮੰਚ ਮੁਹੱਬਾ ਕਰਕੇ ਸੰਬੰਧਾਂ ਨੂੰ ਹੋਰ ਸੁਖਾਵਾਂ ਬਣਾ ਲਿਆ ਸੀ। ਇੱਥੇ ਉਸਤਾਦ ਜੀ ਦੇ ਘਰ, ਕਈ ਨਵੀਆਂ- ਪੁਰਾਣੀਆਂ ਬੰਦਿਸ਼ਾਂ ਦਾ ਆਦਾਨ ਪ੍ਰਦਾਨ ਹੋ ਗਿਆ। ਇਹ ਘਰੋਗੀ ਸੰਗੀਤ ਮਹਿਫਲ ਰਾਤ ਦੇ 8 ਵਜੇ ਤੱਕ ਜਾਰੀ ਰਹੀ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕੋਠੀ ਪਧਾਰਨ ਦੀ ਕਿਰਪਾ ਕੀਤੀ।

## 26 ਮਾਰਚ 1987, ਵੀਰਵਾਰ
## ਨਵੀਂ ਦਿੱਲੀ

ਐਤਕਾਂ ਪਤਾ ਹੀ ਨਹੀਂ ਲੱਗਾ। ਸਤਿਗੁਰੂ ਜੀ ਪਰਸੋਂ ਰਾਤ ਦੇ ਹੀ ਦਿੱਲੀ ਵਿੱਚ ਹੀ ਸਨ। ਕੱਲ ਰਾਤੀਂ ਕਿਸੇ ਪਾਸਿਓਂ ਉਡਦੀ ਉਡਦੀ ਭਿਣਕ ਪਈ। ਸਵੇਰੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਧਰਮਸਾਲਾ ਦੀ ਆਸਾ ਦੀ ਵਾਰ ਹੈ। ਇਸ ਅਨੁਸਾਰ ਅਸੀਂ ਦੋਵੇਂ ਜੀ ਇਸ਼ਨਾਨ ਪਾਣੀ ਕਰਕੇ ਪੈਦਲ ਮਾਰਚ ਕਰਦੇ 6 ਵਜੇ ਧਰਮਸ਼ਾਲਾ ਵਿੱਚ ਜਾ ਦਾਖਲ ਹੋਏ। ਅੱਗੇ ਸਾਧ ਸੰਗਤ ਦੀ ਬਹਾਰ ਸੀ ਅਤੇ ਬਹਾਰਾਂ ਦਾ ਬਾਦਸ਼ਾਹ ਘੁੰਮ ਰਹੇ, ਨਿੱਕੇ ਨਿੱਕੇ ਬੱਲਬਾਂ ਨਾਲ ਜਗਮਗਾਂਦੇ ਸੁਨਹਿਰੀ ਛੱਤਰ ਹੇਠ ਸ੍ਰੀ ਸਤਿਗੁਰੂ ਜੀ ਵਿਰਾਜਮਾਨ ਹਨ। ਸਕੱਤਰ, ਸੇਵਕ ਤੇ ਅੰਗ- ਰੱਖਿਅਕ ਤੇ ਦਿੱਲੀ ਦੇ ਮੁਖੀ ਤੇ ਵੱਖ-ਵੱਖ ਕਲੋਨੀਆਂ ਦੇ ਚਮਕਦੇ ਸਿਤਾਰੇ ਦੁਆਲੇ ਬੈਠੇ ਸੋਭਾ ਪਾ ਰਹੇ ਸਨ। ਅੱਜ ਦੇ ਵਾਰ ਗਾਇਕ ਰਘੁਬੀਰ ਨਗਰ ਕਲੋਨੀ ਦੇ ਨੋਜਵਾਨ ਸਨ। ਉਸਤਾਦ ਹਰਭਜਨ ਸਿੰਘ ਦਾ ਛੋਟਾ ਭਾਈ ਮਨਜੀਤ ਸਿੰਘ ਵਾਜਾ ਫੜਕੇ ਅਗਵਾਈ ਕਰ ਰਿਹਾ ਸੀ। ਦਿਆਲ ਸਿੰਘ ਤੇ ਹਰਦਿਆਲ ਸਿੰਘ ਦੋਵੇਂ ਢੋਲਕੀ ਤੇ ਸਾਥ ਕਰਨ ਵਾਲੇ ਸਨ। ਸ੍ਰੀ ਅਤਰ ਸਿੰਘ, ਕੂਕਾ ਸਿੰਘ, ਜਸਬੀਰ ਸਿੰਘ ਤੇ ਅਮਰਜੀਤ ਸਿੰਘ ਆਦਿ ਇਹ ਜਥੇ ਦੇ ਗਾਉਣ ਵਾਲੇ ਹਨ। ਹਜਰੀ ਭਰਪੂਰ ਸੀ।

6:25 ਤੇ ਵਾਰ ਦੀ ਅਰਦਾਸ ਹੋਈ ਤਾਂ ਰਘੁਬੀਰ ਨਗਰ ਦੇ ਸੰਤ ਮਹਿੰਦਰ ਸਿੰਘ ਨੇ ਕੀਰਤਨਕਾਰਾਂ ਦੀ ਇੱਛਾ ਅਨੁਸਾਰ ਸ਼ਬਦ ਕੀਰਤਨ ਦੀ ਭੇਟ ਜਿੰਨੀ ਵੀ ਹੋਈ ਸੀ ਇਕੱਠੀ ਕਰਕੇ ਸ੍ਰੀ ਸਤਿਗੁਰੂ ਜੀ ਨੂੰ ਜਥੇ ਵਲੋਂ ਮੱਥਾ ਟੇਕ ਦਿੱਤਾ। ਸ੍ਰੀ ਸਤਿਗੁਰੂ ਜੀ ਦੀਵਾਨ ਵਿੱਚੋਂ ਵਿਦਾ ਹੋਏ ਤਾਂ ਮੈਂ ਸ੍ਰੀ ਗੁਰਦੇਵ ਸਿੰਘ ਜੀ ਦੇ ਘਰ 1-C 17 ਨਾਮਧਾਰੀ ਕਲੋਨੀ ਵਿਖੇ ਗਿਆ। ਮੈਨੂੰ ਗੁਰਦੇਵ ਸਿੰਘ ਨੇ ਦੱਸਿਆ ਕਿ ਬੰਬਈ ਵਾਲਾ ਦਰਸ਼ਨ ਸਿੰਘ ਜਿਸਦਾ ਘਰ ਦਿੱਲੀ ਹੈ, ਉਸਤਾਦ ਅਜਮਦ ਦੀ ਕਲਾ ਉੱਤੇ ਇੱਕ ਫਿਲਮ ਬਣਾਂਦਾ ਪੈਸੇ ਦੀ ਥੋੜ ਵਿੱਚ ਫਸ ਗਿਆ ਸੀ। ਇਹਨਾਂ ਸ੍ਰੀ ਸਤਿਗੁਰੂ ਜੀ ਨੂੰ ਸਿਫਾਰਸ਼ ਕਰਕੇ, ਵਾਪਸੀ ਦੇ ਆਧਾਰ ਤੇ ਪਹਿਲਾਂ ਵੀ 10,000 ਲੈ ਦਿੱਤਾ। 54000 ਹਰਭਜਨ ਸਿੰਘ ਸਿਤਾਰ ਦਾ ਵੀ ਉਸ ਨੇ ਅਧਾਰ ਲਿਆ ਹੋਇਆ ਹੈ।

ਦੀਵਾਨ ਵਿੱਚ ਅੱਜ ਨੇਤਾ ਬਲਦੇਵ ਸਿੰਘ ਨੰ.1 ਵਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਇਸ ਤਾਕੀਮੀ ਸ਼ੈਸ਼ਨ ਵਿੱਚ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਮਾਨਸਰੋਵਰ ਗਾਰਡਨ ਨਵੀਂ ਦਿੱਲੀ ਸਕੂਲ ਅਥਾਰਟੀ ਨੇ ਹਾਇਰ ਸੈਕੰਡਰੀ ਤਕ ਪਰਵਾਨ ਕਰ ਲਿਆ ਹੈ। ਸਾਧ ਸੰਗਤ ਉੱਚੀਆਂ ਕਲਾਸਾਂ ਦੇ ਬੱਚੇ ਵੀ ਪੜਨੇ ਪਾਏ। ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਪੰਡਤ ਦੁਰਗਾ ਲਾਲ ਨਿਰਤਕਾਰ ਦੀ ਬੇਨਤੀ ਨੂੰ ਪਰਵਾਨ ਕਰਦਿਆਂ ਸੱਚੇ ਪਾਤਸ਼ਾਹ ਆਪਣੇ ਜਥੇ ਸਮੇਤ, ਦੁਰਗਾ ਲਾਲ ਦੇ ਨਵੇਂ ਬਣੇ ਮਕਾਨ ਸਾਕੇਤ; ਨਵੀਂ ਦਿੱਲੀ ਵਿੱਚ ਚਰਨ ਪਾਉਣ ਗਏ। ਪੰਡਤ ਜੀ ਨੇ ਸ਼ਰਧਾ ਸੰਯੁਕਤ ਪੂਜਾ ਕੀਤੀ ਤੇ 200 ਨਮਸਕਾਰ ਰੂਪ ਵਿੱਚ ਰੱਖ ਕੇ ਆਦਰ ਭਾਵ ਕੀਤਾ ਏਥੇ ਦੀ ਸੰਗੀਤ ਤੇ ਨਿਤ ਕਲਾ ਬਾਰੇ ਗੰਭੀਰ ਚਰਚਾ ਹੁੰਦੀ ਰਹੀ। ਇਹ ਉਹ ਮਕਾਨ ਹੈ ਜਿਸ ਵਿੱਚ ਸਤਿਗੁਰੂ ਜੀ ਪਾਸੋਂ ਇੱਕ ਲੱਖ ਰੁਪੈ ਦੀ ਸਹਾਇਤਾ ਪ੍ਰਾਪਤ ਹੋਈ। 10; 30 ਵਜੇ ਮੈਂ ਕੋਠੀ ਮੂਸਾ ਰੋਡ ਗਿਆ ਸੇਠ ਤਰਲੋਕ ਸਿੰਘ ਜੀ ਨਾਲ ਮੁਲਾਕਾਤ ਹੋਈ ਤਾਂ ਉਹਨਾ ਦੱਸਿਆ ਕਿ ਉਹਨਾਂ ਦੇ ਬੈਂਕ ਲੋਨ ਨਮਿਤ ਜੋ ਹੰਸਪਾਲ-ਮਨਚੰਦਾ ਨੇ ਮੇਰਾ ਕਰਜਾ ਆਪਣੇ ਨਾਂ ਪੁਆਉਣ ਦੀ ਦਰਖਾਸਤ ਦਿੱਤੀ ਸੀ ਉਸਦੀ ਵੈਲਿਓ ਤਾਂ ਹੀ ਬਣ ਕੇ ਉਹ ਆਪਣੇ ਕਰਜ ਦੇ ਰੂਪ ਵਿੱਚ 5-7 ਲੱਖ ਰੁਪੈ ਜਮਾਂ ਕਰਵਾਂਦੇ। ਬੈਂਕ ਕਹਿੰਦਾ ਹੈ ਕਿ ਉਹਨਾਂ ਸਿਰ ਪਹਿਲਾਂ ਹੀ ਬਹੁਤ ਕਰਜ ਹੈ, ਉਹ ਹੋਰ ਆਪਣੇ ਨਾਂ ਕਰਜ ਪੁਆ ਰਹੇ ਹਨ। ਪਿਛਲੇ ਵਿੱਚੋਂ ਕੁਛ ਦੇਣ ਤਾਂ ਇਹ ਰਕਮ ਉਨ੍ਹਾਂ ਦੇ ਨਾਂ ਲੋਨ ਕੀਤੀ ਜਾ ਸਕਦੀ ਹੈ।

ਸੇਠ ਜੀ ਨੇ ਮੈਨੂੰ ਕਿਹਾ ਕਿ ਇਹ ਕੋਠੀ ਵੇਚਣੀ ਹੀ ਪਏਗੀ ਕਿਉਂਕਿ ਮੇਰੇ ਕੁੜਮ ਦੀ ਮਿਹਰਬਾਨੀ ਕਾਰਨ ਮੈਨੂੰ ਹਰ ਮਹੀਨੇ ਇੱਕ ਲੱਖ ਰੁਪਈਆ ਸੂਦ ਦਾ ਪੈ ਜਾਂਦਾ ਹੈ। 3 ਮਹੀਨੇ ਹੋ ਗਏ ਹਨ ਲੋਨ ਤਬਾਦਲੇ ਦੀ ਦਰਖਾਸਤ ਦਿੱਤਿਆਂ ਅੱਗੇ ਕੋਈ ਅਮਲ ਨਹੀਂ ਹੋਇਆ। ਸੋ ਮੈਂ ਕੋਠੀ ਵੇਚਕੇ ਕਰਜ ਮੁਕਤ ਹੋਣਾ ਚਾਹੁੰਦਾ ਹਾਂ। ਨਹੀਂ ਤਾਂ ਕਰਜ ਹੋਰ ਚੜ ਗਿਆ ਤਾਂ ਮੈਨੂੰ ਆਪਣੇ ਵਾਸਤੇ ਪੈਸੇ ਨਹੀਂ ਮਿਲ ਸਕਣਗੇ। ਮੈਂ ਇੱਕ ਵਾਰ ਦਿੱਲੀ ਦੇ ਚੱਕਰ ਵਿੱਚੋਂ ਨਿਕਲਣਾ ਚਾਹੁੰਦਾ ਹਾਂ। ਮੈਂ ਆਪਣੇ ਤੇ ਬੀਤੀ ਦਾ ਬੱਚਿਆਂ ਤੇ ਅਸਰ ਨਹੀਂ ਪੈਣ ਦੇਣਾ ਚਾਹੁੰਦਾ। ਵਰਤਮਾਨ ਹਾਲਾਤ ਵਿੱਚ ਇਹ ਅਕਰਮਕ ਹੋ ਸਕਦੇ ਹਨ। ਮੈਂ ਉਨ੍ਹਾਂ ਨੂੰ ਇੱਕੋ ਗੱਲ ਪਕਾਂਦਾ ਹਾਂ ਕਿ ਸਤਿਗੁਰੂ ਜੀ ਸਾਡੇ ਹੱਕ ਵਿੱਚ ਹੀ ਇਹ ਰਜਾ ਵਰਤਾ ਰਹੇ ਹਨ ਤਾਂਕਿ ਤੁਸੀ ਸਾਰੇ ਕਾਰਜ ਸਮਰੱਥ ਹੋ ਸਕੋ ਤੇ ਆਪਣੇ ਪੈਰਾਂ ਤੇ ਖਲੋ ਸਕੋ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਇਸ ਇਲਾਕੇ ਵਿਚ ਪਾਣੀ ਸੌ ਹੱਥ 'ਤੇ ਲੱਭਦਾ ਸੀ। ਅੰਬੋ ਜੀ (ਸਤਿਗੁਰੂ ਜਗਜੀਤ ਸਿੰਘ ਦੇ ਨਾਨੀ ਜੀ) ਛੋਟੇ ਜਿਹੇ ਕੱਦ ਦੇ ਸਨ ਅਤੇ ਉਹਨਾਂ ਮੈਨੂੰ ਦੱਸਿਆ ਸੀ ਕਿ ਜਦੋਂ ਸਾਡੇ ਵਾਢੀ ਗਹਾਈ ਆਦਿ ਖੇਤੀ ਦੇ ਕੰਮਾਂ ਦਾ ਜ਼ੋਰ ਹੁੰਦਾ ਤਾਂ ਅਸੀਂ ਇਕ ਸਰੀਰ ਨਾਲ ਲੈ ਕੇ ਚਹੁੰਆਂ ਕੋਹਾਂ ਤੋਂ ਜਾ ਕੇ ਜਲ ਲੈ ਆਉਂਦੇ ਸਾਂ ਗੱਡਾ ਭਰਕੇ। ਸਤਿਗੁਰੂ ਜੀ ਦਾ ਬਚਨ ਮੰਨਣ ਕਰਕੇ ਸਰੀਰ ਵਿਚ ਬਰਕਤ ਸੀ। ਇਹ ਦੋਵੇਂ ਭਰਾ ਵੀਹਾਂ ਮੁਰੱਬਿਆਂ ਦੇ ਮਾਲਕ ਸਨ। ਇਹਨਾਂ ਦੇ ਘਰ ਛੇ-ਛੇ ਘੋੜੇ ਹੁੰਦੇ। ਵੀਹ ਵੀਹ ਗਾਈ ਮੱਝਾਂ ਖਲੋਤੀਆਂ ਰਹਿੰਦੀਆਂ। ਸੁੰਦਰ ਸਿੰਘ ਬੰਬੂ ਨੂੰ ਜੇ ਕਿਤੇ ਰੇਸ਼ਾ ਹੋ ਜਾਏ ਤਾਂ ਉਹ ਇਸ ਘਰੋਂ ਹੀ ਹਟਦਾ ਸੀ। ਕਿਉਂਕਿ ਚਾਟੀ ਦਹੀਂ ਦੀ ਵਿਚ ਦੋ ਤਿੰਨ ਸੇਰ ਸ਼ੱਕਰ ਪਾ ਕੇ ਪੀਣ ਬਿਨਾਂ ਉਹਦਾ ਜ਼ੁਕਾਮ ਕਦੇ ਠੀਕ ਨਹੀਂ ਸੀ ਹੁੰਦਾ। ਹੋਰ ਵੀ ਚਾਰ ਚਾਰ ਪੰਜ ਪੰਜ ਬਿਹੰਗਮ ਸਿੰਘਾਂ ਦਾ ਡੇਰਾ ਇੱਥੇ ਲੱਗਾ ਰਹਿੰਦਾ। ਜਿੰਨੇ ਦੌਰੇ ਮੈਂ ਸਤਿਗੁਰੂ ਜੀ ਨਾਲ ਇੱਥੇ ਗਿਆ ਸਾਂ, ਸਾਧ ਸੰਗਤ ਨੂੰ ਲੰਗਰ ਜਲੇਬਾਂ ਦਾ ਜਾਂ ਮਾਹਲ ਪੂੜਿਆਂ ਦਾ ਵਰਤਦਾ ਰਿਹਾ ਸੀ।

ਸਤਿਗੁਰਾਂ ਨੂੰ ਸੁੰਦਰ ਸਿੰਘ ਜੀ ਨੇ ਆਪਣੀ ਸਪੁੱਤਰੀ ਬੀਬੀ ਭੁਪਿੰਦਰ ਕੌਰ ਦੇ ਰਿਸ਼ਤੇ ਬਾਬਤ ਹਾਂ ਕਰ ਦਿਤੀ ਸੀ। ਤਾਇਆ ਸੱਦਾ ਸਿੰਘ ਇਸੇ ਸਾਕ ਦੀ ਰਿਆਸਤ ਬਹਾਵਲਪੁਰ ਦੇ ਪਿੰਡ ਨੀਲਿਆਂ ਵਾਲੀ ਦੇ ਜੈਲਦਾਰ ਗੁਰਮੁਖ ਸਿੰਘ ਦੇ ਪੁੱਤਰ ਨੂੰ ਹਾਂ ਕਰ ਆਏ ਸਨ। ਸਰਦਾਰ ਸੁੰਦਰ ਸਿੰਘ ਜੀ ਵਿਆਹ ਹੋਣ ਤੋਂ ਦੋ ਮਹੀਨੇ ਪਹਿਲਾਂ ਸਰੀਰ ਤਿਆਗ ਗਏ ਸਨ। ਮਾਤਾ ਜਿਉਣ ਕੌਰ ਜੀ ਨੇ ਡੇਰੇ ਭੈਣੀ ਸਾਹਿਬ ਤੋਂ ਹਰਨਾਮ ਸਿੰਘ ਨਥਾਣੀਏਂ ਨੂੰ ਭੇਜਿਆ ਕਿ ਤੂੰ ਜਾ ਕੇ ਵਿਆਹ ਦੀ ਤਾਰੀਖ ਮਿਥ ਆ। ਜਦ ਹਰਨਾਮ ਸਿੰਘ ਹੋਰਾਂ ਜਾ ਕੇ ਅੰਬੋ ਜੀ ਨੂੰ ਮਾਤਾ ਜੀ ਦਾ ਸੁਨੇਹਾ ਦਿਤਾ ਤਾਂ ਉਹਨਾਂ ਕਿਹਾ ਕਿ ਚੰਗੀ ਗੱਲ ਹੈ, ਮੈਂ ਬੱਚਿਆਂ ਨਾਲ ਸਲਾਹ ਕਰ ਲਵਾਂ। ਅੰਬੋ ਜੀ ਨੇ ਮੀਹਾਂ ਸਿੰਘ, ਕਿਰਪਾਲ ਸਿੰਘ, ਨਾਹਰ ਸਿੰਘ ਆਪਣੇ ਤਿੰਨਾਂ ਪੁੱਤਰਾਂ ਨਾਲ ਸਲਾਹ ਮਸ਼ਵਰਾ ਕੀਤਾ। ਲੜਕਿਆਂ ਨੇ ਕਿਹਾ ਕਿ ਅੱਗੇ ਤਾਂ ਪਿਤਾ ਜੀ ਸਿਰ 'ਤੇ ਹੁੰਦੇ ਸਨ ਹੁਣ ਉਹ ਨਹੀਂ ਰਹੇ ਤਾਂ ਤਾਇਆ ਜੀ ਨੂੰ ਸੱਦ ਕੇ ਪੁੱਛ ਲੈਂਦੇ ਹਾਂ। ਜਦੋਂ ਤਾਇਆ ਸੱਦਾ ਸਿੰਘ ਨੂੰ ਪੁੱਛਿਆ ਉਸ ਨੰਨਾ ਫੜ ਲਿਆ ਅਖੇ ਮੈਂ ਨਹੀਂ ਹਰਗਿਜ਼ ਏਥੇ ਰਿਸ਼ਤਾ ਹੋਣ ਦੇਣਾ। ਮੈਂ ਤਾਂ ਜ਼ੈਲਦਾਰ ਦੇ, ਪੁੱਤਰ ਵਲ ਕੁੜੀ ਆਪਣੇ ਵੱਲੋਂ ਮੰਗ ਆਇਆ ਹਾਂ। ਅੰਬੋ ਜੀ ਨੇ ਕਿਹਾ ਕਿ ਮੇਰੇ ਮਾਲਕ ਦਾ ਬਚਨ ਝੂਠਾ ਹੁੰਦਾ ਹੈ ਜਿਹੜਾ ਤੁਹਾਡੇ ਤੋਂ ਪਹਿਲਾਂ ਹਾਂ ਕਰ ਆਇਆ ਸੀ। ਜਿਹੜੀ ਇਸਤਰੀ ਪਤੀ ਦਾ ਬਚਨ ਨਾ ਮੰਨੇ, ਉਹ ਵਿਭਚਾਰਨ ਹੁੰਦੀ ਹੈ। ਜਿਹੜਾ ਪੁੱਤਰ ਪਿਓ ਦਾ ਬਚਨ ਨਾ ਮੰਨੇ, ਉਹ ਕਪੁੱਤਰ ਹੁੰਦਾ ਹੈ। ਸਾਨੂੰ ਤੁਹਾਡੇ ਤੇ ਬੜਾ ਮਾਣ ਸੀ ਕਿ ਤੁਸੀਂ ਸਰਦਾਰ ਹੋਰਾਂ ਤੋਂ ਬਾਅਦ ਸਾਡੇ ਸਿਰ 'ਤੇ ਹੱਥ ਰੱਖੋਗੇ ਪਰ ਤੁਸੀਂ ਤਾਂ ਹੁਣੇ ਹੀ ਅੱਖਾਂ ਫੇਰ ਗਏ ਹੋ। ਕੀ ਮਾਣ ਕਰੀਏ ਅਸੀਂ ਤੁਹਾਡੇ ਤੇ। ਪਰ ਮੈਂ ਵੀ ਆਪਣੇ ਸੁਰਗਵਾਸੀ ਪਤੀ ਦਾ ਹੁਕਮ ਨਹੀਂ ਹਰਗਿਜ਼ ਮੋੜਨ ਦੇਣਾ। ਸੱਦਾ ਸਿੰਘ ਫਿਰ ਪਟਿਆਲੇ ਦੇ ਰਾਜੇ ਵਾਂਗੂੰ ਆਕੜ ਵਿਖਾਉਣ ਲੱਗ ਪਿਆ ਕਿਉਂਜੁ ਇਹ ਮੀਹਾਂ ਸਿੰਘ ਹੋਰੀਂ ਤਿੰਨੇ ਭਾਈ ਅਜੇ ਛੋਟੇ ਬੱਚੇ ਸਨ। ਮੁਕਤਸਰ, ਫੀਰੋਜ਼ਪੁਰ ਇਲਾਕੇ ਦੇ ਸਭ ਨਾਮਧਾਰੀ ਸਿੰਘ ਆ ਆ ਕੇ ਸਰਦਾਰ ਸੱਦਾ ਸਿੰਘ ਨੂੰ ਸਮਝਾਉਣ ਲੱਗ ਪਏ ਕਿ ਆਪਣੇ ਭਾਈ ਦਾ ਬਚਨ ਪਾਲਣ ਵਿਚ ਰੁਕਾਵਟ ਨਾ ਪਾ ਸਰਦਾਰ ਨਾ ਸਮਝਿਆ, ਆਕੜ ਗਿਆ ਮਾਂਹ ਦੇ ਆਟੇ ਜਿਉਂ। ਸਭ ਸਾਧ ਸੰਗਤ ਅਤੇ ਸਾਕ ਨਾਤੇ ਨੂੰ ਜੁਆਬ ਦੇ ਦਿਤਾ। ਆਖਣ ਲੱਗਾ ਜਿਹੜਾ ਇੱਥੇ ਵਿਆਹੁਣ ਆਏਗਾ ਮੇਰੀ ਭਤੀਜੀ ਨੂੰ ਤੇ ਉਹਦੇ ਨਾਲ ਹੋਰ

ਜਿਹੜਾ ਵੀ ਕੂਕਾ ਆਏਗਾ ਸਭ ਦੇ ਸਿਰ ਵੱਢ ਦਿਆਂਗਾ। ਹੈਗੇਂ ਤਾਂ ਇਹ ਤਿੰਨੇ ਭਰਾ ਵੀ ਉਮਰੋਂ ਬਹੁਤ ਛੋਟੇ ਸਨ, ਪਰ ਇਹਨਾਂ ਨੂੰ ਇਸ ਗੱਲ ਦਾ ਬੜਾ ਗੁੱਸਾ ਲੱਗਾ। ਜਿੰਨੀ ਮਾਲਵੇ ਦੀ ਸੰਗਤ ਅਤੇ ਸਾਕ ਨਾਤਾ ਸੀ, ਸਭ ਨੂੰ ਬਹੁਤ ਗੁੱਸਾ ਲੱਗਾ। ਇਹਨਾਂ ਕਿਹਾ ਕਿ ਚੰਗਾ ਸ. ਸੌਦਾ ਸਿਹਾਂ ਤੂੰ ਵੀ ਆਪਣਾ ਜ਼ੋਰ ਲਾ ਲੈ, ਕਸਰ ਨਾ ਛੱਡੀ ਅਤੇ ਸਾਥੋਂ ਵੀ ਜੋ ਸਰਿਆ ਬਣਿਆ ਕਰਾਂਗੇ। ਸਤਿਗੁਰੂ ਜੀ ਦਾ ਅਨੰਦ ਕਾਰਜ ਇੱਥੇ ਜ਼ਰੂਰ ਹੋਏਗਾ। ਓਧਰ ਸੌਂਦਾ ਸਿੰਘ ਨੇ ਵੀ ਆਪਣੇ ਸੱਜਣ ਮਿੱਤਰ ਇਕੱਠੇ ਕਰ ਲਏ ਅਤੇ ਇਕ ਤਕੜੇ ਆਦਮੀ ਦੀ ਯਾਰੀ ਦਾ ਵਾਸਤਾ ਪਾ ਕੇ ਆਖਣ ਲੱਗਾ ਕਿ ਆਪਾਂ ਇਹ ਕੰਮ ਬਿਲਕੁਲ ਨਹੀਂ ਹੋਣ ਦੇਣਾ।

ਤਿੰਨਾਂ ਭਰਾਵਾਂ ਨਾਲ ਰਾਇ ਕਰਕੇ ਅਤੇ ਇਲਾਕੇ ਦੀ ਸੰਗਤ ਨੂੰ ਭਰੋਸੇ ਵਿਚ ਲੈ ਕੇ, ਅੰਬੋ ਜੀ ਨੇ ਦਿਨ ਅਨੰਦ ਕਾਰਜ ਦਾ ਮਿਥ ਕੇ, ਹਰਨਾਮ ਸਿੰਘ ਨੂੰ ਭੈਣੀ ਸਾਹਿਬ ਭੇਜ ਦਿਤਾ ਚਿੱਠੀ ਦੇ ਕੇ ਕਿ ਸਤਿਗੁਰੂ ਜੀ ਅਮਕੀ (ਅਨੰਦ ਕਾਰਜ 13 ਪੋਹ ਨੂੰ ਹੋਇਆ। ਸਤਿਗੁਰੂ ਜੀ ਸੰਗਤ ਸਮੇਤ 12 ਪੋਹ ਨੂੰ ਬਾਅਦ ਦੁਪਹਿਰ ਪੁੱਜ ਗਏ ਸਨ ਗੁਰੂ ਸਰ) ਤਾਰੀਖ ਪੋਹ ਦੀ ਨੂੰ ਦਰਸ਼ਨ ਦੇਣ। ਨਬਾਣੀਏ' ਤੋਂ ਚਿਠੀ ਲੈ ਕੇ ਮਾਤਾ ਜਿਊਣ ਕੌਰ ਜੀ ਨੇ ਪੜ੍ਹੀ, ਹਾਲ ਮਾਲੂਮ ਕੀਤਾ। ਸਤਿਗੁਰੂ ਜੀ ਅਤੇ ਛੋਟੇ ਦੋਹਾਂ ਭਰਾਵਾਂ ਨੂੰ ਸੱਦ ਕੇ ਸਾਰੀ ਵਾਰਤਾ ਦੱਸੀ। ਜਿੱਥੇ ਦਿਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਸਤਿਗੁਰੂ ਜੀ ਦੇ ਹੁਕਮ ਤੇ ਮਾਈ ਜੀ ਵਲੋਂ ਸਾਧ ਸੰਗਤ ਸਾਰੇ ਇਲਾਕਿਆਂ ਦੀ ਨੂੰ, ਦਰਸ਼ਨ ਦੇਣ ਵਾਸਤੇ ਬੇਨਤੀਆਂ ਭੇਜ ਦਿਤੀਆਂ ਗਈਆਂ। ਪੰਥ ਪਤੀ ਦੇ ਆਨੰਦ ਦੀ ਖ਼ੁਸ਼ੀ ਦੇ ਚਾਅ ਵਿਚ ਅਤੇ ਕੁਝ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਤਕਰੀਬਨ ਸਾਰਾ ਨਾਮਧਾਰੀ ਪੰਥ ਹੀ ਗੁਰੂ ਸਰ ਵੱਲ ਢੁੱਕ ਪਿਆ।

ਭਾਨ ਸਿੰਘ ਕੁੱਝਰਾਂ ਵਾਲਾ, ਸੰਤ ਜਿਊਣ ਸਿੰਘ ਅੰਮ੍ਰਿਤਸਰ, ਗਿਆਨ ਸਿੰਘ ਵਰਨਾ ਦਾ ਅਤੇ ਭਾਈ ਖ਼ਜ਼ਾਨ ਸਿੰਘ ਨਾਈ ਇਹ ਚਾਰੇ ਲਾਂਗਰੀਆਂ ਦੇ ਜਥੇਦਾਰ ਹੋਰਨਾਂ ਸਰੀਰਾਂ ਸਮੇਤ, ਸਾਰਾ ਲੰਗਰ ਪਾਣੀ ਦਾ ਪ੍ਰਬੰਧ ਕਰਨ ਲਈ ਅਗਦੀਂ ਹੀ ਗੁਰੂ ਸਰ ਪੁੱਜ ਗਏ। ਬਾਬਾ ਜਵੰਦ ਸਿੰਘ 'ਜਿੰਦਾ ਸ਼ਹੀਦ' ਖ਼ਿਆਲਾ ਅਤੇ ਮੱਲ ਸਿੰਘ ਠੇਠਰ ਕੇ ਵੀ ਹਾਲਾਤ ਤੇ ਤਾੜਵੀਂ ਨਿਗ੍ਹਾ ਰੱਖਣ ਲਈ, ਸੂਰਬੀਰਾਂ ਸਮੇਤ ਪਹਿਲੋਂ ਹੀ ਚਲੇ ਗਏ। ਸੰਤ ਕਰਮ ਸਿੰਘ ਜੀ ਹਿੰਮਤਪੁਰਾ ਨੇ ਮਾਲਵੇ ਵਿਚੋਂ ਚਾਰ ਸੌ ਸਿੰਘਾਂ ਦਾ ਜਥਾ ਲੈ ਕੇ ਹਰ ਤਰ੍ਹਾਂ ਦੇ ਇੰਤਜ਼ਾਮ ਵਾਸਤੇ ਅੱਗਲਵਾਂਢੀ ਜੰਞ ਨੂੰ ਮਿਲਣ ਲਈ, ਗੁਰੂ ਸਰ ਜਾ ਡੇਰੇ ਲਾਏ।

ਓਦਰ ਜੰਞ ਦੀ ਤਿਆਰੀ ਸ਼ੁਰੂ ਹੋ ਗਈ। ਜਿਤਨੀ ਸੰਗਤ ਭੈਣੀ ਸਾਹਿਬਾਂ ਮਹਾਰਾਜ ਨਿਹਾਲ ਸਿੰਘ ਜੀ ਦੇ ਵਿਆਹ ਤੇ ਲਾਹੌਰ ਗਈ ਸੀ, ਜਿਹੜੇ ਰਾਗੀ, ਪ੍ਰਚਾਰਕ, ਸ਼ਬਦੀ ਤੇ ਹੋਰ ਜਥੇ ਸਨ, ਉਹ ਸਾਰੇ ਹੀ ਤੇ ਉਹਨਾਂ ਤੋਂ ਕਾਫੀ ਜਣੇ ਹੋਰ ਵੀ ਵਧੀਕ ਅਤੇ ਇਉਂ ਭਾਰੀ ਧੂਮ ਧਾਮ ਨਾਲ ਗੁਰੂ ਹਰੀ ਸਿੰਘ ਜੀ ਅਤੇ ਮਾਈ ਜਿਊਣ ਕੌਰ ਦੇ ਵੱਡੇ ਸਪੁੱਤਰ ਅਤੇ ਪਹਿਰੇ ਦੇ ਮਾਲਕ ਦੀ ਜੰਞ, ਸ੍ਰੀ ਭੈਣੀ ਸਾਹਿਬ ਤੋਂ ਚੜ੍ਹੀ। ਲੌਢੇ ਪਹਿਰ ਪਹਿਲਾਂ ਵਾਲੀਆਂ ਸੁਆਰੀਆਂ ਦੁਆਰਾ ਹੀ ਸੰਗਤਾਂ ਲੁਧਿਆਣੇ ਦੇ ਰੇਲਵੇ ਸਟੇਸ਼ਨ 'ਤੇ ਪੁੱਜ ਗਈਆਂ। ਹਰ ਇਕ ਸਟੇਸ਼ਨ ਤੋਂ ਸੰਗਤਾਂ ਹੋਰ ਰਲਦੀਆਂ ਗਈਆਂ ਅਤੇ ਬਠਿੰਡੇ ਜੰਕਸ਼ਨ ਜਾ ਪੁੱਜੇ। ਇਥੇ ਜੰਕਸ਼ਨ 'ਤੋਂ ਹੀ ਜਿੱਥੇ ਸੱਤ ਗੱਡੀ ਦੀਆਂ ਲਾਇਨਾਂ ਪੈਂਦੀਆਂ ਸਨ, ਮਾਝੇ, ਪੋਠੋਹਾਰ, ਰਿਆੜਕੀ, ਦੜਪ, ਮਾਲਵੇ, ਦੁਆਬੇ, ਮੈਨ ਦੁਆਬ, ਬਾਰ ਆਦਿ ਸਭ ਇਲਾਕਿਆਂ ਦੀਆਂ ਸੰਗਤਾਂ ਸਤਿਗੁਰੂ ਜੀ ਦੇ ਚਰਨ ਕੰਵਲ ਸਪਰਸ਼ ਕਰਕੇ ਅਤੀ ਪ੍ਰਸੰਨ ਹੋਈਆਂ। ਜਿਵੇਂ ਸ੍ਰੀ ਰਾਮ ਚੰਦਰ, ਲਛਮਣ ਅਤੇ ਭਰਤ ਦੇਵਤਿਆਂ ਵਿਚ ਸੁਭਾਇਮਾਨ ਹੁੰਦੇ ਹਨ ਤਿਵੇਂ ਹੀ ਸਤਿਗੁਰੂ ਜੀ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਸੰਗਤ ਵਿਚ ਸੁਭਾਇਮਾਨ ਹੋ ਰਹੇ ਸਨ। ਸਤਿਗੁਰੂ ਜੀ ਦੇ ਨਾਨਕੇ ਵੀ ਏਧਰ ਸਨ। ਸੋ ਸਿਰਸਾ ਵਾਲੀ ਗੱਡੀ ਤੇ ਸ. ਦਿਆਲ ਸਿੰਘ ਵੀ ਆਪਣੇ ਅੰਗਾਂ ਸਾਕਾਂ ਅਤੇ ਹੋਰ ਸੰਗਤ ਨੂੰ ਲੈ ਕੇ ਬਠਿੰਡੇ ਪੁੱਜ ਗਏ ਸਨ। ਓਧਰੋਂ ਗੋਧਾ ਸਿੰਘ ਅਤੇ ਵਰਿਆਮ ਸਿੰਘ ਹੋਰੀਂ ਵੀ ਅਬਲੂ ਤੋਂ ਪੁੱਜ ਗਏ। ਗੋਧਾ ਸਿੰਘ ਜੀ ਐਨੇ ਉੱਚੇ ਸਨ ਕਿ ਗੱਡੀ ਦੇ ਡੱਬੇ ਵਿਚ ਵੀ ਸਿੱਧੇ ਨਹੀਂ ਖਲੋਂ ਸਕਦੇ ਸਨ।

ਸਾਰੀ ਸੰਗਤ ਨੂੰ ਬਠਿੰਡੇ ਜੰਕਸ਼ਨ ਤੇ ਹੀ ਸ਼ਰਦਾਈ ਪਾਣੀ ਛਕਾਇਆ ਗਿਆ। ਇਥੋਂ ਇਕ ਸਪੈਸ਼ਲ ਗੱਡੀ ਕੀਤੀ ਗਈ ਅਤੇ ਸਾਰੀ ਸੰਗਤ ਉਸ ਵਿਚ ਸੁਆਰ ਹੋ ਗਈ। ਜਦੋਂ ਇਹ ਲੋਕ ਸੰਗਤ ਅਤੇ ਸਤਿਗੁਰੂ ਜੀ ਦਾ ਦਰਸ਼ਨ ਕਰਦੇ ਹਨ, ਸਿੱਧੀਆਂ ਪੱਗਾਂ, ਖੱਦਰ ਦੇ ਚਿੱਟੇ ਬਸਤਰ, ਹੱਥਾਂ ਵਿਚ ਗੜਵੇ, ਗੁਟਕੇ ਗਾਤਰਿਆਂ ਵਿਚ ਤਾਂ ਕੋਈ ਕਹਿੰਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਦੇ ਨਾਲ ਇਤਨੀ ਸੈਨਾ ਸੀ। ਕੋਈ ਕਹਿੰਦਾ ਹੈ ਕਿ ਕ੍ਰਿਸ਼ਨ ਜੀ ਦੇ ਨਾਲ ਵੀ ਇਤਨੀ ਹੀ ਸੈਨਾ ਸੀ। ਹਰ ਕੋਈ ਵੇਖ ਕੇ ਹੈਰਾਨ ਪ੍ਰੇਸ਼ਾਨ ਹੋਈ ਜਾਂਦਾ ਹੈ। ਗੱਡੀ ਚੱਲ ਪਈ। ਇਹ ਰੇਲਵੇ ਲਾਇਨ ਬਹਾਵਲਪੁਰ ਨੂੰ ਜਾਂਦੀ ਸੀ। ਪੱਕੀ ਦੇ ਸਟੇਸ਼ਨ 'ਤੇ ਜਾ ਉਤਰੇ। ਇੱਥੋਂ ਅੱਗੇ ਰਥ, ਘੋੜੇ, ਊਠ, ਗੱਡੇ, ਸਵਾਰੀ ਵਾਸਤੇ ਆਏ ਹੋਏ ਸਨ। ਨੌਜਵਾਨ ਸਿੰਘ ਪੈਦਲ ਤੁਰ ਪਏ। ਦੂਜੀ ਸੰਗਤ

ਸੁਆਰੀਆਂ ਤੇ ਸੁਆਰ ਹੋ ਗਈ। ਸਤਿਗੁਰੂ ਜੀ ਦੋਵੇਂ ਮਹਾਰਾਜ ਅਤੇ ਸ. ਦਿਆਲ ਸਿੰਘ ਥਰਾਜੀਆ ਘੋੜਿਆਂ ਤੇ ਸਵਾਰ ਹੋ ਗਏ।

ਗੁਰੂ ਸਰ ਸੰਗਤ ਕੀਰਤਨ ਕਰਦੀ ਹੋਈ ਪਹੁੰਚ ਗਈ। ਸੰਗਤਾਂ ਨੇ ਡੇਰੇ ਲਾ ਦਿਤੇ। ਸਤਿਗੁਰੂ ਜੀ ਨੇ ਜਥੇਦਾਰਾਂ ਨੂੰ ਸੱਦ ਕੇ ਪੁੱਛਿਆ ਕਿ ਇੰਤਜ਼ਾਮ ਦੀ ਸੁਣਾਓ ?

ਜਵੰਦ ਸਿੰਘ ਹੋਰਾਂ ਅਰਜ਼ ਕੀਤੀ ਕਿ ਜਦੋਂ ਅਸੀਂ ਏਥੇ ਆਏ ਸਾਂ ਤਾਂ ਖਿਆਲੀਆ ਆਤਮਾ ਸਿੰਘ ਪਿੰਡ ਵਿਚ ਗਿਆ ਗੇੜਾ ਮਾਰਨ, ਵਾਅ ਭਾਅ ਲੈਣ ਵਾਸਤੇ। ਉਸ ਵੇਲੇ ਸੱਦਾ ਸਿੰਘ ਦੇ ਘਰ ਵਾਲੀ ਅੰਬੋ ਜੀ ਨੂੰ ਗਾਲ੍ਹਾਂ ਕੱਢ ਰਹੀ ਸੀ। ਆਤਮਾ ਸਿੰਘ ਸਹਿ ਨਾ ਸਕਿਆ ਅਤੇ ਉਹ ਉਸਨੂੰ ਭੱਜ ਕੇ ਪਿਆ ਕਿ ਖ਼ਬਰਦਾਰ ਜੇ ਹੁਣ ਉਹਨਾਂ ਨੂੰ ਗਾਲ੍ਹ ਕੱਢੀ ਤਾਂ ਮੈਂ ਤੇਰੀ ਜਾਨ ਕੱਢ ਦਿਆਂਗਾ। ਉਸ ਨੇ ਘਰ ਆ ਕੇ ਸੌਂਦਾ ਸਿੰਘ ਨੂੰ ਦੱਸਿਆ ਕਿ ਇਕ ਕੂਕੇ ਸਿਖ ਨੇ ਮੈਨੂੰ ਆਹ ਲਫ਼ਜ਼ ਬੋਲੇ ਹਨ।

ਸੱਦਾ ਸਿੰਘ ਨੇ ਆਪਣਾ ਇਕ ਬੰਦਾ ਭੇਜਿਆ ਕਿ ਜਾਹ ਵੇਖ ਕੇ ਆ ਕਿ ਕਿਹੜੇ ਕਿਹੜੇ ਕੂਕੇ ਆਏ ਹਨ। ਉਸ ਆ ਕੇ ਦੱਸਿਆ ਕਿ ਜਵੰਦ ਸਿੰਘ ਖਿਆਲੀਆ, ਮੱਲ ਸਿੰਘ ਠੇਠਰ ਕੇ, ਕਰਮ ਸਿੰਘ ਹਿੰਮਤਪੁਰੀਆ, ਵਗੈਰਾ ਆਪੋ ਆਪਣੇ ਜਥੇ ਲੈ ਕੇ ਮਾਝੇ ਅਤੇ ਮਾਲਵੇ ਦੇ ਕਹਿੰਦੇ ਕਹਾਉਂਦੇ ਕੂਕਿਆਂ ਸਮੇਤ ਪੁੱਜੇ ਹੋਏ ਹਨ। ਸੌਂਦਾ ਸਿੰਘ ਤਾਂ ਉਦੋਂ ਹੀ ਗੱਡੇ ਜੁਆ ਕੇ ਮਾਲ ਅਸਬਾਬ ਲੱਦ ਕੇ ਲਾਂਭਦੇ ਪਿੰਡ ਜਾ ਰਿਹਾ। ਫਿਰ ਸਤਿਗੁਰੂ ਜੀ ਨੇ ਲਾਂਗਰੀਆਂ ਦੇ ਚਹੁੰਆਂ ਜਥੇਦਾਰਾਂ ਨੂੰ ਸੱਦ ਕੇ ਪੁੱਛਿਆ ਕਿ ਪ੍ਰਸ਼ਾਦ ਪਾਣੀ ਦੀ ਸੁਣਾਓ ਬਈ। ਉਹਨਾਂ ਬੇਨਤੀ ਕੀਤੀ ਕਿ ਬਿਅੰਤ ਲੰਗਰ ਪੱਕ ਚੁੱਕਾ ਹੈ। ਸੰਗਤਾਂ ਪੰਗਤਾਂ ਲਾਉਣ ਅਤੇ ਛਕਣ ਪ੍ਰਸ਼ਾਦ ਪਾਣੀ ਛਕਣ ਉਪਰੰਤ ਰਾਗੀਆਂ ਸਿੰਘਾਂ ਦਾ ਦੀਵਾਨ ਲੱਗ ਗਿਆ। ਸਤਿਗੁਰੂ ਜੀ ਸੰਗਤਾਂ ਵਿਚ ਸੁਭਾਇਮਾਨ ਹੋਏ। ਨਾਮ ਬਾਣੀ ਦੀ ਖ਼ੂਬ ਵਰਖਾ ਹੋਈ। ਭੋਗ ਦੀਵਾਨ ਦੇ ਬਾਦ ਇੰਤਜ਼ਾਮੀ ਸਿੰਘਾਂ ਨੂੰ ਸਵੇਰ ਦੇ ਦੀਵਾਨ ਦਾ ਇੰਤਜ਼ਾਮ ਸੰਭਾਲਿਆ ਗਿਆ। ਤੜਕੇ ਉੱਠ ਕੇ ਆਸਾ ਦੀ ਵਾਰ ਲੱਗ ਗਈ। ਦਿਨ ਦੇ ਚੜ੍ਹਾਅ ਨਾਲ ਹਵਨ ਹੋ ਗਿਆ ਅਤੇ ਵੇਦੀ ਗੱਡੀ ਗਈ। ਸਤਿਗੁਰੂ ਜੀ ਆਸਣ 'ਤੇ ਬੈਠ ਗਏ। ਮਾਤਾ ਭੁਪਿੰਦਰ ਕੌਰ ਜੀ ਵੀ ਮੱਥਾ ਟੇਕ ਕੇ ਆਸਣ ਤੇ ਬੈਠ ਗਏ। ਬਾਬਾ ਵੀਰ ਸਿੰਘ ਭੋਮੇ ਵਡਾਲੀਏ ਗੁਰਦਾਸਪੁਰ ਜ਼ਿਲ੍ਹੇ ਦੀ ਉਗਰਾਹੀ ਕਰ ਰਹੇ ਸਨ। ਉਹ ਵੀ ਉਗਰਾਹੀ ਛੱਡ ਕੇ ਵਿਚੋਂ ਰਾਤ ਦੀ ਗੱਡੀ ਤੇ ਉਤਰੇ ਸਨ ਅਤੇ ਇਥੇ ਪੁੱਜ ਗਏ ਸਨ। ਬਾਬਾ ਜੀ ਨੇ ਹੀ ਸਤਿਗੁਰੂ ਜੀ ਅਤੇ ਮਾਤਾ ਜੀ ਨੂੰ ਅੰਮ੍ਰਿਤ ਛਕਾਇਆ। ਉਸ ਵੇਲੇ ਦੀ ਸ਼ੋਭਾ ਦਾ ਕੋਈ ਵਰਣਨ ਨਹੀਂ ਹੋ ਸਕਦਾ। ਆਲੇ ਦੁਆਲੇ ਦੇ ਲੋਕ ਧੰਨ ਧੰਨ ਕਰ ਰਹੇ ਹਨ। ਲਾਵਾਂ ਪੜ੍ਹੀਆਂ ਗਈਆਂ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਸਿੰਘ ਬੀਰ ਰਸ ਵਿਚ ਸਨ। ਬਾਣੀ ਪੜ੍ਹਦੇ ਹਨ। ਭਜਨ ਕਰਦੇ ਹਨ। ਸਤਿਗੁਰਾਂ ਦੇ ਦਰਸ਼ਨ ਕਰਕੇ ਅਨੰਦ ਹੋ ਰਹੇ ਹਨ। ਭਾਈ ਹਰਨਾਮ ਸਿੰਘ ਜੀ ਚਵਿੰਡੇ ਵਾਲੇ ਰਾਗੀ ਸਿੰਘ ਨੇ ਪਹਿਲਾਂ ਮੰਗਲਾਚਾਰ ਦੇ ਸ਼ਬਦ ਪੜ੍ਹੇ ਫਿਰ ਉਠ ਕੇ ਪਰਚਾਰ ਕੀਤਾ। ਸਤਿਗੁਰੂ ਜੀ ਵਿਸ਼ਨੂੰ ਭਗਵਾਨ ਦੀ ਨਿਆਈਂ ਹਨ ਅਤੇ ਮਾਤਾ ਭੂਪਿੰਦਰ ਕੌਰ ਜੀ ਲਛਮੀ ਦੀ ਨਿਆਈਂ ਹਨ। ਅਰਦਾਸ ਤੋਂ ਬਾਦ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਪ੍ਰਸ਼ਾਦ ਪਾਣੀ ਛਕਣ ਬਾਦ ਸਭ ਸੰਗਤਾਂ ਸਟੇਸ਼ਨ ਤੇ ਪੁੱਜ ਗਈਆਂ। ਗੱਡੀ ਚੜ੍ਹ ਕੇ ਸੂਰਜ ਉਗਦੇ ਨੂੰ ਲੁਧਿਆਣੇ ਪੁੱਜ ਗਏ ਅਤੇ ਉਥੋਂ ਅੱਠ-ਨੌਂ ਵੱਜਦੇ ਨੂੰ ਸ੍ਰੀ ਭੈਣੀ ਸਾਹਿਬ ਪੁੱਜ ਗਏ। ਸਭ ਲੋਕ ਆ ਆ ਕੇ ਮਾਤਾ ਜੀ ਨੂੰ ਵਧਾਈਆਂ ਦਿੰਦੇ ਹਨ। ਗ਼ਰੀਬ ਗੁਰਬੇ ਨੂੰ ਮਨਭਾਉਂਦਾ ਦਾਨ ਦਿਤਾ ਗਿਆ ਅਤੇ ਅਗਲੇ ਦਿਨ ਸਭ ਸੰਗਤਾਂ ਆਪੋ ਆਪਣੇ ਇਲਾਕਿਆਂ ਨੂੰ ਸ੍ਰੀ ਭੈਣੀ ਸਾਹਿਬ ਤੋਂ ਵਿਦਾਅ ਹੋ ਗਈਆਂ।

**ਇਕ ਸਿਖ ਵਾਸਤੇ ਦੁਬਾਰਾ ਅਨੰਦ ਕਾਰਜ ਦਾ ਹੁਕਮ**

ਇਕ ਵੇਰ ਸੰਤ ਲਾਲ ਸਿੰਘ ਭੂਰੇ ਗਿੱਲੀਏ ਨੇ ਆਪਣੇ ਕੇਸ ਕਤਲ ਕਰ ਦਿਤੇ ਸਨ। ਸਿੰਘਾਂ ਪੁੱਛਿਆ, "ਸੰਤ ਜੀ, ਕੇਸ ਕਿਉਂ ਕਤਲ ਕੀਤੇ।" ਸੰਤਾਂ ਆਖਿਆ, ਮੈਂ ਵੇਖਿਆ ਹੈ ਕਿ ਮੈਂ ਅਜੇ ਸਿੱਖ ਹੋਇਆ ਹਾਂ ਕਿ ਨਹੀਂ, ਕਿਉਂਕਿ ਤਾਰੂ ਸਿੰਘ ਹੋਰਾਂ ਦੇ ਕੇਸ ਕੈਂਚੀ ਨਾਲ ਨਹੀਂ ਸੀ ਕਤਰੇ ਗਏ। ਖੋਪੜੀ ਲਹਿ ਗਈ ਸੀ। ਇਸੇ ਤਰ੍ਹਾਂ ਮੇਰੇ ਪਿਤਾ ਜਿਊਣ ਸਿੰਘ ਝੱਬਰ ਨੇ ਆਪਣਾ ਦਾਹੜਾ ਅਗਨ ਭੇਟ ਕਰ ਦਿਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੁੱਛਿਆ ਕਿ ਜਿਊਣ ਸਿੰਹਾਂ। ਦਾੜ੍ਹਾ ਕਿਉਂ ਸਾੜਿਆ ਈ ? ਉਸ ਜੁਆਬ ਦਿਤਾ ਕਿ ਜਿਸ ਦਿਨ ਤੋਂ ਗਰੀਬ ਨਿਵਾਜ ਨੇ ਅਵਤਾਰ ਧਾਰਿਆ ਏ, ਖੇਡਣ ਮੱਲ੍ਹਣ ਲੱਗੇ, ਫਿਰ ਗੱਭਰੂ ਹੋਏ ਅਸੀਂ ਬੜੀ ਰੀਝ ਨਾਲ ਵੇਖਦੇ ਰਹੇ ਕਿ ਛੇਤੀ ਛੇਤੀ ਜੁਆਨ ਹੋਣ ਤੇ ਉਹ ਭਾਗਾਂ ਵਾਲਾ ਦਿਨ ਆਵੇ ਜਦੋਂ ਅਸੀਂ ਆਪਣੇ ਪਾਤਸ਼ਾਹ ਦਾ ਅਨੰਦ ਕਾਰਜ ਵਾਲਾ ਦਿਨ ਵੇਖ ਸਕੀਏ।

**ਚਲਦਾ.....**

# Evening routine for an Amazing Morning!

**Harneet Singh Kharbanda**



Everyone talks about morning routines, but what about the foundation of a good morning routine??

If we are not able to take care of our evening routine, the next morning can never be productive.

Here are some simple hacks that I have started applying in the evenings which help me achieve amazing results the following day.

**1. No work after 7 pm -**

Being a Trader and staying active on social media, I always felt like I needed to work around the clock. In the evenings, I usually kept checking my social media accounts and kept replying to comments, and checking emails multiple times just because I had a habit of it and I thought that it was necessary to reply to everyone as soon as possible. Now I make sure that I don't do anything related to work after 7 pm. I keep my phone in the other room and make sure to spend quality time with my family.

I have noticed that if the phone was in my pocket, I had the urge to keep checking it. So just keeping it in the other room has helped a lot in reducing my overall screen time too.

**2.No food after sunset -**

We have been reading about this or maybe we have watched videos regarding this on YouTube and many religions also advise us for the same. I have now finally started following this ritual and the results have been amazing!

I sleep much better; my sleep quota has reduced a lot and it helps me to wake up early much before sunrise for my morning meditation session.

**3. Writing a journal just before bed -**

I have recently started to write a journal just before I hit the bed. We usually end up storing a lot of anxiety, thoughts, and feelings in our heads and we go to sleep with those trapped inside us. Journaling helps to transfer all those to the paper and it really feels so good! It feels as if we are sharing our feelings with a loved one who will not judge us ever as we are basically expressing our feelings from the heart. One of my friends suggested I tear/destroy the paper as soon as we write the journal. This way, we can write anything in it and won't think much about it once we have noted it down. The purpose is to basically get the feelings out of our heads and on paper.

**4. Gratitude prayer -**

I have been doing this since almost 2 years now. Write before going to sleep, I sit on my bed, keeping my spine straight, close my eyes, and thank God for everything that I have in my life (we do have a lot! much more than we think)

This simple 2-minute prayer fills me up with positivity and I literally sleep like a baby.

I hope you found this routine interesting. Feel free to add these to your evening routine

## Namdhari Bhai Gunvinder Singh Ji's Journey to receiving a Padma Shri

Bhai Gunvinder Singh Ji Namdhari founder of the Bhai Kanhaiya Manav Sewa Trust, proves himself to be the epitome of altruism as he receives the prestigious Padma Shri award for decades dedicated to benevolence.

This story is about a champion in the field of selfless service and compassion. In 2004, Bhai Gunvinder Singh Ji encountered an accident leaving him wheelchair bound. While recovering in the hospital, he witnessed volunteers serving milk and various nourishing foods to patients to assist in their respective recoveries. Bhai Gunvinder Singh Ji accredits this observation as the ignition to his desire to serve and aid those in need. He pledged to devote himself to serving the people of Sirsa, his beloved home city. This monumental pledge eventually led to the culmination of the Bhai Kanhaiya Manav Sewa Trust as the world knows it today.

Bhai Gunvinder Singh Ji's accident occurred in a remote area making his transfer to the hospital contraindicated which led to the suffering of preventable damage. This inspired him to provide emergency transfers at no cost to those in immediate need and the Trust purchased and equipped an ambulance. The impact of the ambulance was quickly made known, motivating them to form an extensive program consisting of a fleet of 10 ambulances, operating in 3 towns that are distant from their nearest hospitals. These vehicles are deployed free of cost for all emergencies and this program continues to save lives since its inception.

The Trust went on to establish several facilities to support the community, the Bhai Kanhaiya Ashram in Mori Wala and Sirsa provides assistance to the mentally and physically challenged. Offering patients a roof, nourishing meals, medicinal help and most importantly dignity and a family. The Mori Wala Ashram currently cares for 95 men, while the Sirsa Ashram is fundraising for imperative developments as they continue to provide extensive support to the community. Bhai Gopal Dham is another facility of the Trust and currently looks after 42 children providing them with a safe and nurturing environment. The Trust also runs an old age home that currently cares for 71 elderly individuals, offering them comfort and support in their later years.

These facilities have enabled Bhai Gunvinder Singh Ji and their team to carry out countless notable acts of compassion, including numerous instances of marvel recoveries and life changing aid. All occurrences are etched in Bhai Gunvinder Singh ji's heart, but he shares an unbelievable story of how a mentally challenged women escaped the captive of her abusive husband in south India and sourced tranquillity in the Bhai Kanhaiya Ashram in Sirsa. Despite there being a language barrier, pain and emotions transcend such impediments and her torment left everyone speechless. After providing the



necessary psychological assistance, the team were able to identify the patient's name, residing city and spoken language. Based on this information the team were able to gain a detailed insight into the incident that led to the psychosis episode which caused her to flee. She spoke about a diagnosed mental illness for which she was taking the appropriate medications. She also spoke of how her husband's friend had convinced him to stop her medications and to turn to charlatanism which led to unspeakable abuse and suffering. Through diligent investigating the trust contacted her brother who spoke in disbelief as he believed to have lost his sister in a road accident 2 years ago. One call between the siblings and the brother promptly arrived at the ashram to retrieve his beloved sister and to finally take her home. This story highlights how vulnerable people can fall out of bureaucratic acknowledgement becoming neglected and lost forever; however, the trust remains resilient and continues to enable miraculous cases of reuniting loved ones.

In 2023, the Trust opened the Bhai Kanhaiya Shiksha Sanathan, a free school for impoverished and orphaned children where transport, nutritious meals and an education are provided free of cost. Over 200 children are currently enrolled in the school making this an imperative step towards breaking poverty cycles and empowering true systemic change. Environmental conservation is a recent addition to the trust's diverse portfolio of charitable endeavours; after discovering what varieties thrive in the soil of Punjab, the trust created a verdant jungle in Sirsa and founded the Bhai Kanhaiya Nursery. The trust distributes plants and the necessary knowledge to those who wish to reafforest in exchange for a promise to nurture and protect the forest once cultivated. This project is missioned towards improving soil regeneration, promoting ecological awareness and to address worsening local environmental challenges.

The newly elected Chief Minister of Haryana came to hear of the Bhai Kanhaiya Manav Sewa Trust and their imperative work within areas of his jurisdiction. After visiting the facilities, the CM was left enchanted by the selfless service he had witnessed, leading to a direct nomination for a Padma Shri. Becoming a recipient of the prestigious award through an unorthodox channel left Bhai Gunvinder Singh Ji startled and he did not believe the

news at first. After confirmation through vetted sources, the news of this colossal achievement became his reality. He had just championed India's highest civilian honour for his commitment to others.

Bhai Gunvinder Singh Ji continuously overcome health related obstacles braving them mainly due to his family's support. He especially highlights his wife, mother and sisters who constantly action their encouragement, empowering him to continue prioritising the needy. His triumph illustrates that no obstacle is insurmountable, despite facing significant hurdles Bhai Gunvinder Singh Ji has generated a perpetual impact within the vital cause of humanitarian aid.

Bhai Gunvinder Singh Ji hails from a Namdhari family with a lineage tracing back to the time of Sri Satguru Ram Singh Ji. His family heritage deeply embodies the Sikhi cultural tenets of compassion and selfless service which have been passed down through generations, inspiring his own commitment to Sewa. After his win, Bhai Gunvinder Singh Ji sought and received blessings from Sri Satguru Uday Singh Ji at Sri Bhaini Sahib, where Satguru ji blessed him with an abundance of strength and support, motivating him to continue his humanitarian mission. The Namdhari Sikh community remains a significant source of support and encouragement for the Bhai Kanhaiya Manav Sewa Trust. This level of endorsement was recently exemplified by featuring Bhai Gunvinder Singh Ji in the inaugural episode of the Satjug podcast.

The Satjug podcast aims to preserve and share Namdhari cultural heritage, promote positive change and engage the community by amplifying stories of compassion and service. It serves as an opportunity to reach a broader audience, aspiring to spread awareness and inspiration within the community and beyond. By sharing Bhai Gunvinder Singh Ji's story, the podcast has achieved just that. May this esteemed example of determination and compassion motivate us all to engage in meaningful contributions that benefit humanity and our respective societies.

..........................................................

## ਸਿੱਖ ਜਰਨੈਲ ਬੰਦਾ ਸਿੰਘ ਬਹਾਦੁਰ...

ਸਮਾਣਾ ਸੰਪੂਰਣ ਤੌਰ ਤੇ ਨਸ਼ਟ ਹੋ ਗਿਆ ਅਤੇ ਉੱਜੜ ਗਿਆ। ਅਗਲੇ ਦਿਨ ਬੰਦਾ ਸਿੰਘ ਨੇ ਸਮਾਣੇ ਵਿਚ ਖਾਲਸਾ ਪੰਚਾਇਤ ਬਣਾ ਕੇ ਤੈਨਾਤ ਕਰ ਦਿੱਤੀ। ਸਮਾਣੇ ਦੇ ਵਸਨੀਕਾਂ ਵਿਚੋਂ ਹੀ ਜ਼ਿੰਮੇਦਾਰ ਲੋਕਾਂ ਨੂੰ ਸਮਾਣੇ ਦੀ ਨਵੀਂ ਪ੍ਰਬੰਧ ਵਿਵਸਥਾ ਅਤੇ ਇੰਤਜ਼ਾਮ ਵਿਚ ਸ਼ਾਮਲ ਕੀਤਾ ਗਿਆ। ਮਾਲਵੇ ਤੋਂ ਆਏ ਭਾਈ ਫ਼ਤਹਿ ਸਿੰਘ ਅਤੇ ਉਸ ਦੇ ਦਲ ਨੇ ਸਮਾਣੇ ਦੀ ਜਿੱਤ ਵਿਚ ਚੋਖਾ ਯੋਗਦਾਨ ਪਾਇਆ ਸੀ। ਬੰਦਾ ਸਿੰਘ ਨੇ ਭਾਈ ਫ਼ਤਹਿ ਸਿੰਘ ਨੂੰ ਸਮਾਣੇ ਦਾ ਹਾਕਮ ਥਾਪ ਦਿੱਤਾ ਅਤੇ ਉਸ ਨੂੰ ਹਿਦਾਇਤ ਕੀਤੀ ਕਿ ਉਸ ਨੇ ਸਿੱਖ ਮਰਿਆਦਾ ਦੀ ਪਾਲਣਾ ਕਰਦਿਆਂ ਹੋਇਆਂ ਸਮਾਣੇ ਦੇ ਹਾਕਮ ਦੀਆਂ ਜ਼ਿੰਮੇਦਾਰੀਆਂ ਨਿਭਾਉਣੀਆਂ ਸਨ। ਬੰਦਾ ਸਿੰਘ ਦੇ ਥਾਪੇ ਨਵੇਂ ਨਿਜ਼ਾਮ ਥੱਲੇ ਮੁਗਲ ਜ਼ਿਮੀਦਾਰਾਂ ਦੀਆਂ ਜ਼ਮੀਨਾਂ ਉਹਨਾਂ ਕੋਲੋਂ ਖੋਹ ਕੇ ਉਹਨਾਂ ਜ਼ਮੀਨਾਂ ਤੇ ਕੰਮ ਕਰਦੇ ਕਾਮਿਆਂ ਅਤੇ ਕਾਸ਼ਤਕਾਰਾਂ ਨੂੰ ਦੇ ਦਿੱਤੀਆਂ ਗਈਆਂ ਅਤੇ ਉਹਨਾਂ ਨੂੰ ਉਹਨਾਂ ਜ਼ਮੀਨਾਂ ਦੀ ਮਲਕੀਅਤ ਦੇ ਲਿਖਤੀ ਪੱਟੇ, ਹੱਕ ਅਤੇ ਅਖ਼ਤਿਆਰ ਵੀ ਦੇ ਦਿੱਤੇ ਗਏ। ਹੁਣ ਬੰਦਾ ਸਿੰਘ ਦੀ ਨਜ਼ਰ ਗੁਰਾਂਮਾਰੀ ਸਰਹਿੰਦ ਉੱਤੇ ਸੀ।

..........................................................

# ਕਾਵਿ-ਕਿਆਰੀ

## ਖੁਸ਼-ਆਮਦੀਦ

ਮੇਰੇ ਪਿਆਰੇ ਤੇਰੀ ਖੇਚਲਹ, ਵੇਖ ਅਚੰਭਾ ਹੋਵੇ,
ਪੂਰਬ, ਪੱਛਮ, ਉੱਤਰ, ਦੱਖਣ, ਕਿੰਝ ਤੂੰ ਸਭ ਵਿਲੋਵੇਂ,
ਕਿੰਝ ਤੂੰ ਰਾਤ ਉਨੀਂਦਰੇ ਕੱਟੇ, ਲੱਖ ਕੋਹ ਸਫ਼ਰ ਕਰੀਵੇਂ
ਕਿੰਝ ਤੂੰ ਦੁੱਖ ਵਿੱਚ ਹਿੰਮਤ ਦੇਵੇ, ਗਮ ਵਿੱਚ ਨਾਲ ਖਿਲੋਵੇਂ।

ਦੀਨਾ ਬੰਧੂ
ਆਪ ਜੀ ਦੀ
ਉਨਟਾਰੀਓ ਆਮਦ ਤੇ
ਨਮਸਕਾਰ, ਅਦਬ
ਸਤਿਕਾਰ ਭੇਂਟ ਕਰਦੇ ਹੋਏ
ਨਤਮਸਤਕ ਹੁੰਦੇ ਹਾਂ।
ਡੰਡਵਤ ਪ੍ਰਨਾਮ ਕਰਦੇ ਹਾਂ ਜੀ।
ਆਪ ਜੀ ਦੇ ਆਗਮਨ ਤੇ
ਆਪ ਜੀ ਦਾ ਸ਼ੁਭ-ਸੁਆਗਤ
ਖੁਸ਼-ਆਮਦੀਦ
ਜੀਓ ਆਇਆ ਨੂੰ
ਤੇ ਇਸਤਕਬਾਲ ਹੈ ਜੀ,
ਆਪ ਜੀ ਦਾ
ਇਹਤਰਾਮ ਕਰਦਿਆਂ
ਸਾਡਾ ਮਨ ਮਸਤਕ ਤੇ ਰੂਹ
ਕਿਸੇ ਅੱਗਮੀ ਸਰੂਰ ਵਿੱਚ
ਰੰਗੇ ਜਾਂਦੇ ਹਨ।
ਮੇਰੇ ਪ੍ਰਭੂ
ਆਪ ਜੀ ਦਾ ਆਉਣਾ
ਸਾਡੇ ਸਭ ਲਈ ਖੁਸ਼ੀਆਂ, ਖੇੜੇ,
ਪਿਆਰ, ਮੁਹੱਬਤ
ਤੇ ਆਪਣੇ ਪਨ ਦਾ
ਸੁੱਖਦ ਸੁਨੇਹੜਾ
ਲੈ ਕੇ ਆਉਂਦਾ ਹੈ ਜੀ।
ਆਪਣੇ ਪੂਜਯ ਸਤਿਗੁਰੂ ਜੀ ਤੋਂ
ਦੂਰ ਰਹਿ ਕੇ
ਕੇਹੀ ਅਵਸਥਾ ਹੋਈ ਹੋਵੇਗੀ
ਸਾਡੇ ਪੰਚਮ ਪਾਤਸ਼ਾਹ
ਸਤਿਗੁਰੂ ਅਰਜੁਨ ਦੇਵ ਜੀ ਦੀ
ਜਦੋਂ ਉਹ
ਆਪਣੇ ਸਤਿਗੁਰੂ ਪਿਤਾ ਪ੍ਰਤੀ
ਆਪਣੇ ਬ੍ਰਿਹਾ ਕੁੱਠੇ ਮਨ ਦੀ
ਵੇਦਨਾ ਜਾਹਰ ਕਰਦੇ
ਆਖਦੇ ਹਨ-
ਮੇਰੇ ਪੂਜਯ ਸਤਿਗੁਰੂ ਜੀਓ
ਆਪ ਜੀ ਦੇ ਵਿਯੋਗ ਵਿੱਚ
ਮੇਰਾ ਮਨ ਉਸ ਚਾਤ੍ਰਿਕ ਵਾਂਗ
ਪਪੀਹੇ ਵਾਂਗ ਸਵਾਂਤੀ ਬੂੰਦ
ਦੀ ਪਿਆਸ ਵਿੱਚ ਵਿਹਵਲ ਹੋ
ਵਿਰਲਾਪ ਕਰ ਰਿਹਾ ਹੈ
ਤੜਪ ਰਿਹਾ ਹੈ
ਜੋ ਉਸ ਲਈ
ਜੀਵਨ ਦਾਨ ਦੀ ਨਿਆਈ ਹੈ।
ਜਦੋਂ ਉਨ੍ਹਾਂ ਆਖਿਆ ਹੋਏਗਾ
ਕਿ ਤੇ ਸਤਿਗੁਰੂ ਪਿਤਾ ਜੀਓ
ਆਪ ਜੀ ਦੇ ਦਰਸ਼ਨ ਤੇ
ਸੁਖਦਾਈ ਹਨ ਹੀ
ਪਰ ਹਿਰਦਿਆਂ 'ਚ ਠੰਢ ਪਉਣ ਵਾਲੇ
ਠੰਢ ਵਰਤਾਉਣ ਵਾਲੇ
ਆਪ ਜੀ ਦੇ ਸੰਗੀਤ ਮਈ
ਮਿੱਠੇ ਬਚਨ ਸੁਣਿਆ
ਮੈਨੂੰ ਤੇ
ਮੁੱਦਤਾਂ ਹੀ ਬੀਤ ਗਈਆ ਹਨ।
ਮੇਰੇ ਪ੍ਰਭੂ ਆਪ ਜੀ ਦੀ ਆਮਦ
ਸਾਡੇ ਲਈ ਵੀ
ਉਸ ਸਵਾਂਤੀ-ਬੂੰਦ ਵਾਗੂੰ ਹੀ ਹੈ
ਅਸੀਂ ਆਪ ਜੀ ਦੇ ਸੁਖਦਾਈ
ਕਲਿਆਣ ਕਾਰੀ ਮਨ ਮਸਤਕ ਤੇ
ਆਤਮਾ ਨੂੰ ਸਕੂਨ ਤੇ ਸਰੂਰ ਦੇਣ ਵਾਲੇ

ਭਚਨ ਸੁਣ ਸਕਾਂਗੇ ਜੀ।
ਸਤਿਗੁਰੂ ਅਰਜਨ ਦੇਵ ਜੀ ਦੀ
ਇਹ ਵੇਦਨਾ ਕਿੰਨੀ ਪ੍ਰਬਲ ਹੈ
ਜਦੋਂ ਉਹ ਆਖਦੇ ਹਨ
ਕਿ ਹੇ ਸਤਿਗੁਰੂ ਪਿਤਾ ਜੀਓ
ਆਪ ਜੀ ਦੇ ਹਜ਼ੂਰ
ਅੰਮ੍ਰਿਤਸਰ ਰਹਿੰਦਿਆਂ
ਜਦੋਂ ਕਦੇ ਕੁਝ ਘੜੀਆਂ ਲਈ
ਆਪ ਜੀ ਤੋਂ ਪਰ੍ਹੇ
ਰਹਿਣਾ ਪੈਂਦਾ ਸੀ
ਮੇਰੇ ਲਈ ਤੇ ਉਹ ਪੱਲ ਹੀ
ਯੁਗਾਂ ਸਮਾਨ ਬੀਤਦੇ ਸਨ
ਫਿਰ ਹੁਣ ਤੇ ਇਕ ਮੁਦਤ ਹੋ ਗਈਏ
ਲਹੌਰ ਆਏ ਨੂੰ ਦੀਨਾਂ ਬੰਧੂ
ਇਕ ਬਾਰ,
ਸਤਿਗੁਰੂ ਜਗਜੀਤ ਸਿੰਘ ਜੀ
ਸ਼ਾਇਦ 1992 ਵਿੱਚ
ਦੋ ਤਿੰਨ ਮਹੀਨੇ
ਬਿਦੇਸ਼ੀ ਦੌਰੇ ਤੇ ਰਹੇ ਸਨ
ਤੇ ਵਿਯੋਗ ਵਿੱਚ
ਮੇਰੇ ਮਨ-ਮਸਤਕ ਵਿੱਚ, ਪਲੇਠੀਆਂ
ਕਾਵਿਕ ਸਤਰਾਂ ਦੀ
ਆਮਦ ਹੋਈ ਸੀ-
ਵਿੱਚ ਪ੍ਰਦੇਸੀ ਸੁੱਖ ਵੰਡੀਦਾ
ਅਸੀਂ ਹੋਏ ਕੱਲ-ਮੁਕੱਲੇ
ਤੂੰ ਸਾਡੀ ਅੱਖੀਆਂ ਲਈ ਚਾਨਣ
ਤੁਧ ਵਾਝੋ ਝੱਲ-ਵਲੱਲੇ
ਦਿਨ ਵੀ ਸਾਨੂੰ ਤੇਰੇ ਵਾਝੋਂ
ਸੌ ਵਰ੍ਹਿਆਂ ਜਿਉ ਲੰਘੇ
ਜਿੰਦ ਲਬਾਂ ਤੇ ਆਈ ਜੀ ਕੂੰ
ਹੁਣ ਵੀ ਚੱਲੇ ਚੱਲੇ।
ਮੇਰੇ ਜਿਹਨ ਵਿੱਚ ਆਈਆਂ ਇਹ
ਪਹਿਲੀਆਂ ਕਾਵਿਕ ਸਤਰਾਂ,
ਮੇਰੇ ਲਈ ਸਤਿਗੁਰੂ ਜੀ ਦੀਆਂ
ਢੇਰ ਸਾਰੀਆਂ ਅਸੀਸਾਂ
ਤੇ ਵਰਦਾਨ ਲੈ ਕੇ ਵੀ ਆਈਆਂ।
ਉਸ ਵਰਦਾਨ ਦੀ
ਉਪਜ ਹੀ ਆਪ ਜੀ ਦੇ ਹਜ਼ੂਰ
ਭੇਂਟ ਕਰਨ ਦੀ
ਖੁਸ਼ੀਂ ਲੈ ਰਿਹਾ ਹਾਂ ਜੀ
ਇਵੇ ਹੀ ਜਦੋਂ ਕਦੇ ਲੰਬਾ ਸਮਾਂ
ਸਾਨੂੰ ਆਪ ਜੀ ਤੋਂ
ਪਰੇ ਰਹਿਣਾ
ਪੈਦਾ ਹੈ ਤਾਂ ਅਸੀਂ
ਉਨ੍ਹਾਂ ਬਿਰਹਾਂ ਦੇ ਪਲ੍ਹਾਂ ਵਿੱਚ
ਹਜ਼ੂਰ
ਸਤਿਗੁਰੂ ਜਗਜੀਤ ਸਿੰਘ ਜੀ ਦੇ
ਪਵਿੱਤਰ ਬਚਨ ਸੁਣਦੇ ਹਾਂ
ਉਸ ਪਿਆਰੇ ਸਤਿਗੁਰੂ ਦੀਆਂ ਸਾਖੀਆਂ
ਸੁਣਦੇ ਹਾਂ, ਸੁਣਾਉਂਦੇ ਹਾਂ ਤੇ
ਸਾਡੇ ਮਨ ਮਸਤਕ ਚੋਂ ਉੱਠ ਰਹੀਆਂ
ਪਿਆਰ ਤੇ ਸ਼ਰਧਾ ਦੀਆਂ ਤਾਰੰਗਾਂ
ਅਦਿਖ ਤੋਂ ਮਹੀਨ ਤਾਂਰਾ ਰਾਹੀਂ
ਆਪ ਜੀ ਦੇ ਚਰਨਾਂ ਨਾਲ
ਜੁੜ ਜਾਂਦੀਆਂ ਹਨ।
ਉਸ ਬੇਅੰਤ ਪਾਤਸ਼ਾਹ ਦੇ
ਵਿਛੋੜੇ ਤੋਂ ਬਾਅਦ
ਉਹੀਓ ਪਿਆਰ, ਉਹੀਓ ਸਤਿਕਾਰ
ਉਹੋ ਜਿਹੀ ਵੇਦਨਾ ਤੇ ਸ਼ਰਧਾ
ਤੇ ਉਹੋ ਜਿਹਾ ਲਗਾਓ
ਇੰਝ ਜਾਪਦੈ
ਜਿਵੇਂ ਆਪ ਜੀ ਦੇ ਚਰਨਾ ਨਾਲ
ਨਿੱਤ ਪ੍ਰਤੀ ਦਿਨ ਵਧਦਾ-ਵਧਦਾ
ਵਧਦਾ ਹੀ ਜਾਂਦਾ ਹੋਵੇ।
ਆਪ ਜੀ ਵੀ
ਕਿੰਨਾ ਫਿਕਰ ਕਰਦੇ ਹੋ
ਸਾਡੇ ਬੱਚਿਆਂ ਦਾ
ਸਾਡੇ ਵਿਹਾਰਾਂ ਦਾ
ਕੌਣ ਹੈ ਹੋਰ...?
ਹੋਰ ਸ਼ਰੀਕ ਹੋਵੇ ਕੋਈ ਤੇਰਾ
ਤਿਸ ਆਗੇ ਤੁਧ ਆਖਾਂ
ਤੁਧ ਆਗੇ ਤੂੰ ਹੀ ਸਾਲਾਹੀ
ਮੈਂ ਅੰਧਾ ਨਾਉ ਸੁਜਾਖਾਂ।
ਮੇਰੇ ਪਾਤਸ਼ਾਹ ਜੀਓ

ਕਿੰਨੇ ਵਡਭਾਗੇ ਹਾਂ ਅਸੀਂ ਜਿਨ੍ਹਾਂ ਨੂੰ
ਸਤਿਗੁਰੂ ਜਗਜੀਤ ਸਿੰਘ ਜੀ ਨੇ
ਆਪ ਜੀ ਦੇ ਚਰਨਾ ਦਾ ਆਸਰਾ
ਓਟ ਤੇ ਸ਼ਰਨ ਬਖਸ਼ੀ ਹੈ
ਆਪ ਜੀ ਦਾ ਓਟ ਆਸਰਾ ਤੇ
ਲੱਖਾਂ ਆਸਰਿਆਂ ਵਰਗਾ ਹੈ।
ਹਉ ਵਾਰੀ ਵੰਞਾਂ ਘੋਲੀ ਵੰਞਾਂ
ਤੂੰ ਪਰਬਤ ਮੇਰਾ ਓਹਲਾ ਰਾਮ
ਤੇਰੀ ਹੋਂਦ ਦਾ ਜੋ ਖਿਆਲ ਹੈ
ਸਾਡੇ ਦਿਨ ਤੇ ਰੂਹ ਦੇ ਲਈ ਢਾਲ ਹੈ
ਇਹਦੇ ਹੁੰਦਿਆਂ ਸਾਨੂੰ ਪੋਹ ਸਕੇ
ਕਿਸੇ ਦਰਦ ਦੀ ਕੀ ਮਜਾਲ ਹੈ।
ਮੇਰੇ ਸਾਹਿਬਾਂ ਸਾਡੇ ਵਿੱਚ
ਅਨੇਕਾਂ ਗਲਤੀਆਂ ਨੇ
ਫਤਾ ਨਹੀਂ ਕਿੰਨਾ ਕੁਝ ਸਾਥੋਂ
ਅਚੇਤ ਹੀ ਹੋ ਜਾਂਦੈ
ਦੁਨੀਆਂਦਾਰ ਹਾਂ
ਪਰ ਦੀਨਾਂ ਬੰਧੂ
ਤੁਸੀਂ ਤੇ ਖਿਮਾ ਦੇ ਸਾਗਰ ਹੋ
ਤੇਰੀ ਬਖਸ਼ਿਸ਼ ਦੇ ਦਰ
ਸਦਾ ਹੀ ਸਭਨਾ ਲਈ ਖੁਲ੍ਹੇ ਰਹਿਣ
ਤੇਰੀਆਂ ਰਹਿਮਤਾਂ ਤੇ ਬਖਸ਼ਿਸ਼ਾਂ ਦਾ
ਅਨੰਦ ਸੱਭੇ ਮਾਨਣ
ਥੇਰਾ ਇਹ ਸਿੱਖੀ ਬਾਗ
ਹਮੇਸ਼ਾਂ ਹਰਿਆ ਭਰਿਆ
ਖਿੜਿਆ-ਖਿੜਿਆ
ਮਹਿਕਾਂ ਬਖੇਰਦਾ ਰਹੇ
ਮੁੱਹਬਤਾਂ ਬੀਜੇ ਤੇ
ਪ੍ਰੀਤਾਂ ਦੇ ਸੁਨੇਹੜੇ ਦੇਦਾਂ
ਆਪਣੇ ਸਤਿਗੁਰੂਆਂ ਦੀਆਂ
ਪ੍ਰੰਪਰਾਵਾਂ ਤੇ ਚੱਲਦਾ
ਦੁਨੀਆਂ ਲਈ ਇਕ
ਮਿਸਾਲ ਕਾਇਮ ਕਰੇ
ਬਿਣ ਤੁਧ ਹੋਰ ਜਿ ਮੰਗਣਾ
ਸਿਰ ਦੁੱਖਾਂ ਦੇ ਦੁੱਖ
ਦੇਹੁ ਨਾਮ ਸੰਤੋਖੀਆ
ਉਤਰੇ ਮਨ ਕੀ ਭੁੱਖ

ਤੂੰ ਪ੍ਰੀਤਾਂ ਦਾ ਪੈਗੰਬਰ ਏ
ਥੋੜੀ ਜਹੀ ਪ੍ਰੀਤ ਵੀ ਦੇਵੀ।
ਸਿੱਖੀ ਦਾ ਰੂਪ ਜੇ ਦਿੱਤਾ
ਸਿੱਖੀ ਦੀ ਰੀਤ ਵੀ ਦੇਵੀ।
ਨਿੰਦਾ ਈਰਖਾ ਦੇ ਬੀਘ
ਸਾਡੇ ਸੀਕੇ ਚੋਂ ਪੁੱਟ ਦੇਣਾ।
ਸਾੜੇ ਨਫਰਤਾਂ ਸਾਥੋਂ
ਤੁਸਾ ਕੋਹਾਂ ਤੇ ਸੁਟ ਦੇਣਾ।
ਤੂੰ ਸੁੱਖ ਦਿੱਤੇ ਬਹੁਤ ਦਿੱਤੇ
ਮਾਣਣ ਦੀ ਜਾਂਚ ਵੀ ਦੇਵੀ।
ਗਮਾਂ ਦੀ ਰਾਤ ਜੇ ਆਵੇ
ਸੋਹਣੀ ਪ੍ਰਭਾਤ ਵੀ ਦੇਵੀ।

.................................................

## ਵਿਛੜਿਆ ਮਾਹੀ

ਵਿਛੜਿਆ ਮਾਹੀ ਪੰਜ ਭਾਦਰੋਂ ਦੀ ਰਾਤ ਨੂੰ।
ਪੈ ਗਿਆ ਵਿਛੋੜਾ, ਸਾਰੀ ਕਾਇਨਾਤ ਨੂੰ।
ਵਿਛੜਿਆਂ ਮਾਹੀ ਪੰਜ ਭਾਦਰੋਂ ਦੀ ਰਾਤ ਨੂੰ..

ਭੁੱਖੇ ਨੰਗੇ ਹਰ ਨੂੰ ਤੂੰ, ਸੀਨੇ ਨਾਲ ਲਾਇਆ ਏ,
ਪਾਠ ਵੀ ਕਰਾਏ ਅਤੇ ਨਾਮ ਵੀ ਜਪਾਇਆ ਏ,
ਭੁਲਾਗੇ ਕਿਵੇ ਤੇਰੀ, ਦਿਤੀ ਇਸ ਦਾਤ ਨੂੰ
ਵਿਛੜਿਆਂ ਮਾਹੀ...............................

ਕਈ ਲਖ ਪਾਠ ਚੀਨੀ, ਵਾਲੇ ਲਈ ਕਰਾਏ ਤੂੰ,
ਉਜੜਿਆ ਨੂੰ ਵਸਾਇਆ ਅਤੇ ਰੋਦੇਂ ਹਸਾਏ ਤੂੰ,
ਚੀਨੀ ਵਾਲਿਆ ਵੇ ਆ ਜਾ, ਲੈ ਕੇ ਪਰਤਾਪ ਨੂੰ
ਵਿਛੜਿਆਂ ਮਾਹੀ..............................

ਪੰਜ ਭਾਦਰੋਂ ਦੀ ਰਾਤ ਜਦੋਂ, ਹਰ ਸਾਲ ਆਵਦੀ,
ਯਾਦ ਤੇਰੀ ਪ੍ਰੀਤਮਾ ਵੇ, ਸਾਨੂੰ ਤੜਫਾਵਦੀ,
'ਸੰਦੀਪ' ਨੂੰ ਆ ਕੇ ਦੇ ਦੇ, ਦਰਸਨਾ ਦੀ ਦਾਤ ਤੂੰ
ਵਿਛੜਿਆਂ ਮਾਹੀ ਪੰਜ ਭਾਦਰੋਂ ਦੀ ਰਾਤ ਨੂੰ

.................................................

# ਸੁੱਚੇ-ਮੋਤੀ

### ਜਚਦੇ ਕੌਣ ਹਨ?

ਇੱਕ ਦਿਨ ਸਤਿਗੁਰੂ ਜੀ ਨੇ ਬਚਨ ਬਿਲਾਸ ਚਲਦਿਆਂ ਫ਼ੁਰਮਾਇਆ-

"ਮੈਨੂੰ ਜ਼ਬਾਨੀ ਕਲਾਮੀ ਵਧੇਰੇ ਪ੍ਰਸੰਸਾ ਕਰਨ ਵਾਲੇ ਨਹੀਂ ਜਚਦੇ। ਅਸਲੀ ਪ੍ਰਸੰਸਕ ਤਾਂ ਉਹ ਹਨ ਜੁ ਮੇਰੀ ਇੱਛਾ ਨੂੰ ਸਮਝਕੇ ਸਾਰੇ ਕੰਮ ਕਰਦੇ ਹਨ। ਉਹਨਾਂ ਦੇ ਸਾਧਾਰਨ ਸ਼ਬਦਾਂ ਵਿੱਚ ਹੀ ਸੱਚ ਪ੍ਰਗਟ ਹੁੰਦਾ ਰਹਿੰਦਾ ਹੈ।"

### ਸਫ਼ਲ ਕਿਵੇਂ ਹੋਈਏ?

8 ਸਤੰਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਬੈਠਕ ਦੌਰਾਨ ਸਤਿਗੁਰੂ ਜੀ ਬਚਨ ਕੀਤਾ-

"ਜ਼ਿੰਦਗੀ ਵਿੱਚ ਜਿਸਨੇ ਕੁਝ ਕਰਨਾ ਹੈ ਉਹ ਕੰਡਿਆਂ ਥੋਰਾਂ ਤੋਂ ਨਾ ਡਰੇ। ਉਹ ਤਾਂ ਸਾਰੀਆਂ ਰੋਕਾਂ ਉਲੰਘਦਾ ਹੀ ਜਾਵੇ, ਜਿਵੇਂ ਵੇਗਵਾਨ ਨਦੀ ਪੱਥਰਾਂ, ਚਟਾਨਾਂ ਦੇ ਹੇਠ ਦੀ, ਉੱਤੋਂ ਦੀ ਜਾਂ ਪਾਸਿਉਂ ਦੀ ਰਾਹ ਬਣਾਂਦੀ ਤੁਰੀ ਜਾਂਦੀ ਹੈ। ਸਸਤੀ ਸਫ਼ਲਤਾ ਨਾ ਮਿਲਦੀ ਹੈ ਤੇ ਜੇ ਕਿਸੇ ਝੋਲੀ ਪੈ ਜਾਏ ਤਾਂ ਖੁੱਸਦਿਆਂ ਵੀ ਦੇਰ ਨਹੀਂ ਲੱਗਦੀ।"

### ਕਰੋਧ 'ਤੇ ਕਾਬੂ

ਕਰੋਧ ਬਾਰੇ ਜ਼ਿਕਰ ਕਰਦਿਆਂ ਸ੍ਰੀ ਸਤਿਗੁਰੂ ਜੀ ਨੇ ਦੱਸਿਆ- "ਕਈ ਵਾਰ ਐਸੇ ਹਾਲਾਤ ਪੈਦਾ ਹੋ ਜਾਂਦੇ ਹਨ ਕਿ ਕਰੋਧ ਹੁਰੀਂ ਆ ਧਮਕਣ। ਪਰ ਮੈਂ ਉਸ ਦੀ ਪੈਛੜ ਪਛਾਣ ਲੈਂਦਾ ਹਾਂ ਤੇ ਕੋਸ਼ਿਸ਼ ਰੱਖਦਾ ਹਾਂ ਕਿ ਆਪਣੇ ਪੈਰੋਂ ਨਹੀਂ ਉਖੜਣਾ। ਕਰੋਧ ਨੂੰ ਪੀ ਹੀ ਜਾਣਾ ਹੈ। ਪਰ ਹੁਣ ਸਤਿਗੁਰਾਂ ਦੀ ਕਿਰਪਾ ਨਾਲ ਗੁੱਸਾ ਨਹੀਂ ਆਉਂਦਾ। ਕਰੋਧੀ ਨਾਲ ਧੀਰਜ ਰੱਖ ਕੇ ਹੀ ਨਿੱਬੜੀਦਾ ਹੈ।"

### ਆਗੈ ਕਉ ਕਿਛੁ ਤੁਲਹਾ ਬਾਧਉ

21 ਅਗਸਤ 1978 ਨੂੰ ਦਿੱਲੀ ਵਿਖੇ ਵਿਚਾਰ ਚਰਚਾ ਕਰਦਿਆਂ ਸਤਿਗੁਰੂ ਜੀ ਨੇ ਬਚਨ ਕਰਨਾ ਸ਼ੁਰੂ ਕੀਤਾ- ਜੀਵਨ ਤਾਂ ਗੁਜ਼ਾਰਨਾ ਹੀ ਹੈ। ਕੋਈ ਸੜਕ ਦੇ ਕੰਢੇ ਲੰਮਾ ਪੈ ਕੇ ਤੁਰ ਗਿਆ। ਕਿਸੇ ਨੇ ਰਾਜ ਮਹਿਲਾਂ ਦੇ ਸੁੱਖ ਭੋਗਦਿਆਂ ਪ੍ਰਾਣ ਦੇ ਦਿੱਤੇ। ਜਾਣਾ ਸਭ ਲਈ ਜ਼ਰੂਰੀ ਹੈ। ਕਸਟਮ ਕਲੀਅਰ ਹੋਏ ਬਿਨਾ ਤਾਂ ਗਤੀ ਨਹੀਂ ਹੋਣੀ। ਸੋ ਮਨੁੱਖਾਂ ਨੂੰ "ਆਗੈ ਕਉ ਕਿਛੁ ਤੁਲਹਾ ਬਾਧਉ" ਕਥਨ ਅਨੁਸਾਰ ਅੱਗੇ ਲਈ ਕੁਝ ਯਤਨ ਤਾਂ ਕਰਨਾ ਹੀ ਚਾਹੀਦਾ ਹੈ

### ਵਿਸ਼ਵ ਸ਼ਾਂਤੀ ਲਈ ਮਦਦ

18 ਅਕਤੂਬਰ 1978 ਨੂੰ ਬੈਂਕੋਕ ਵਿਖੇ ਸਤਿਗੁਰੂ ਜੀ ਬਚਨ ਕੀਤਾ- ਲੋਕ ਰੂਸ ਵਾਲਿਆਂ ਨੂੰ ਨਾਸਤਕ ਕਹਿੰਦੇ ਹਨ। ਹੋਣਗੇ, ਪਰ ਮੈਂ ਤਾਂ ਉਸ ਦੇਸ਼ ਵਿੱਚ ਧਰਮ ਪਰਾਇਣ ਲੋਕਾਂ ਬਾਰੇ ਵੀ ਸੁਣਦਾ ਹਾਂ। ਮੈਂ ਉਹਨਾਂ ਨਾਲ ਸ਼ਾਂਤੀ ਦੇ ਮਿਸ਼ਨ ਵਿੱਚ ਕੰਮ ਕੀਤਾ ਹੈ।

ਮੈਂ ਵੇਖਿਆ ਹੈ ਕਿ ਉਹ ਸੰਸਾਰ ਅਮਨ ਵਿੱਚ ਭਰਪੂਰ ਹਿੱਸਾ ਪਾ ਰਹੇ ਹਨ ਅਤੇ ਏਥੇ ਡਾ. ਸੁਚਾਟ ਵੀ ਇਹੋ ਕੰਮ ਕਰ ਰਿਹਾ ਹੈ। ਉਸਦੀ ਮਦਦ ਕਰਨ ਲਈ ਮੇਰਾ ਤਾਂ ਜੀ ਕਰਦਾ ਹੈ ਪੰਜ ਦਾ ਪੰਜ ਕਰੋੜ ਹੀ, ਉਸਦੇ ਪ੍ਰੋਜੈਕਟ ਦਾ, ਅਸੀਂ ਹੀ ਤਾਰੀਏ। ਪਰ ਜੇ ਅਜੇ ਨਹੀਂ ਤਾਂ ਦੋ ਲੱਖ ਬਾਟ ਤਾਂ ਅਸੀਂ ਜ਼ਰੂਰ ਕੱਲ੍ਹ ਦੇਈਏ।

..........................................................

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦੇ ਕੈਨੇਡਾ ਦੌਰੇ ਦੀ ਅਰੰਭਤਾ ਵੈਨਕੂਵਰ ਤੋਂ

ਸਿੱਖ ਧਰਮ ਦੇ ਪਹਿਲੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਏਸ ਜਗਤ ਨੂੰ ਤਾਰਨ ਲਈ ਜੋ ਆਪਣੇ ਜੀਵਨ ਨਾਲ ਸਮੇਂ ਸ੍ਰਿਸਟੀ ਦਾ ਭਰਮਨ ਕੀਤਾ ਜਿਸ ਨੂੰ ਅਸੀਂ ਦੌਰੇ ਜਾਂ ਉਦਾਸੀਆਂ ਆਖਦੇ ਹਾਂ। ਆਪਣੇ ਦੌਰਿਆਂ ਦਾ ਆਰੰਭ ਕਰਨ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਫੁਰਮਾਇਆ ਕਿ ਮਰਦਾਨਿਆਂ ਆਪਣਾ ਪਰਿਵਾਰ ਬਹੁਤ ਵੱਡਾ ਹੈ ਅਤੇ ਉਹ ਚਿਰਾਂ ਤੋਂ ਸਾਨੂੰ ਯਾਦ ਕਰਦਾ ਹੈ। ਏਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਦੇ ਭਲੇ ਲਈ ਲੰਬੀਆਂ ਯਾਤਰਾਵਾਂ ਤੇ ਨਿਕਲੇ ਸਨ। ਨਿਸਾਨਾ ਸਿਰਫ ਇਕ ਹੀ ਸੀ ਕਿ ਸੰਸਾਰ ਦੇ ਭੁੱਲੇ ਭੱਟਕੇ ਲੋਕਾਂ ਨੂੰ ਪ੍ਰਮੇਸਰ ਨਾਲ ਜੋੜਨਾ। ਏਸੇ ਪਾਈ ਹੋਈ ਪ੍ਰੰਪਰਾ ਨੂੰ ਸਾਡੇ ਗੁਰੂ ਸਾਹਿਬਾਂ ਨੇ ਵੀ ਖੂਬ ਨਿਭਾਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਆਪਣੇ ਜੀਵਨ ਨਾਲ ਵਿੱਚ ਲੁਕਾਈ ਦੇ ਭਲੇ ਦੇਸ਼ ਵਿਦੇਸ਼ ਦੀਆਂ ਲੰਬੀਆਂ ਯਾਤਰਾਵਾਂ ਕੀਤੀਆਂ ਜਿਹਨਾਂ ਦੀ ਬਦੌਲਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਫੁਲਵਾੜੀ ਦੀ ਮਹਿਕ ਕੈਨੇਡਾ ਵਰਗੀ ਧਰਤੀ ਤੇ ਵੀ ਫੈਲੀ ਹੋਈ ਹੈ। ਨਾਮਧਾਰੀ ਪੰਥ ਦੇ ਮਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਪੁਰਖਿਆਂ ਦੀ ਪਾਈ ਹੋਈ ਪ੍ਰੰਪਰਾ ਨੂੰ ਖੂਬ ਨਿਭਾ ਰਹੇ ਹਨ ਅਤੇ ਆਪਣੇ ਰੁਝੇਵਿਆਂ ਭਰੇ ਸਮੇਂ ਵਿਚੋਂ ਸਮਾਂ ਕੱਢ ਕੇ ਦੇਸ ਵਿਦੇਸ਼ ਵਿੱਚ ਵੱਸਦੀਆਂ ਸੰਗਤਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕਰਦੇ ਹਨ। ਏਸੇ ਤਰ੍ਹਾਂ ਦਿੱਤੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਕੈਨੇਡਾ ਦੀ ਧਰਤੀ ਤੇ ਵੈਨਕੂਵਰ ਸ਼ਹਿਰ ਵਿਖੇ ਦਰਸ਼ਨ ਦਿੱਤੇ।

**ਮਿਤੀ 3 ਜੁਲਾਈ 2024 ਦਿਨ ਬੁੱਧਵਾਰ–** ਕਾਫੀ ਲੰਬੇ ਸਮੇਂ ਦੀ ਇੰਤਜਾਰ ਨੂੰ ਸਮਾਪਤ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਜੀ ਸਮੇਤ ਮਾਤਾ ਗੁਰਸ਼ਰਨ ਕੌਰ ਜੀ ਨਾਲ ਮਿਤੀ 3 ਜੁਲਾਈ 2024 ਦਿਨ ਬੁੱਧਵਾਰ ਨੂੰ ਕੈਨੇਡਾ ਦੇ ਸਥਾਨਕ ਸਮੇਂ ਮੁਤਾਬਿਕ 1 ਵੱਜ ਕੇ 30 ਮਿੰਟ ਤੇ ਵੈਨਕੂਵਰ ਦੇ ਹਵਾਈ ਅੱਡੇ ਤੇ ਆਣ ਉਤਰੇ ਜਿਥੇ ਵੈਨਕੂਵਰ ਨਾਮਧਾਰੀ ਸੰਗਤ ਦੇ ਅਹੁਦੇਦਾਰ ਸਹਿਬਾਨ ਸੂਬਾ ਬਲਬੀਰ ਸਿੰਘ, ਸ. ਸੁਰਿੰਦਰ ਸਿੰਘ ਰੂਪਾਂ ਦੀ ਅਗਵਾਈ ਵਿੱਚ ਸਮੇਂ ਮੁਤਾਬਿਕ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆਂ ਆਖਣ ਲਈ ਪਹੁੰਚੇ ਹੋਏ ਸਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਵੱਡੀ ਗਿਣਤੀ ਵਿੱਚ ਸ. ਦਲਜੀਤ ਸਿੰਘ ਖਜਾਨਚੀ ਦੇ ਘਰ ਇਕੱਤਰ ਹੋਈ ਸ੍ਰੀ ਸਤਿਗੁਰੂ ਜੀ ਦਾ ਇੰਤਜ਼ਾਰ ਕਰ ਰਹੀ ਸੀ। ਸ੍ਰੀ ਸਤਿਗੁਰੂ ਜੀ ਹਵਾਈ ਅੱਡੇ ਤੋਂ ਗੱਡੀ ਵਿੱਚ ਸਵਾਰ ਹੋਏ ਜਿਸ ਨੂੰ ਪ੍ਰਭਦੀਪ ਸਿੰਘ ਪੁੱਤਰ ਸ. ਟਹਿਲ ਸਿੰਘ ਚਲਾ ਰਿਹਾ ਸੀ। ਸ. ਦਲਜੀਤ ਸਿੰਘ ਦੇ ਘਰ ਇੰਤਜ਼ਾਰ ਕਰ ਰਹੀ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੀ ਆਮਦ ਤੇ ਜੋਰਦਾਰ ਜੈਕਾਰੇ ਨਾਲ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਸਭਨਾ ਨੇ ਵਾਰੋ-ਵਾਰੀ ਸ੍ਰੀ ਸਤਿਗੁਰੂ ਜੀ ਨੂੰ ਆਦਰ ਸਹਿਤ ਨਮਸਕਾਰ ਕੀਤੀ। ਸ੍ਰੀ ਸਤਿਗੁਰੂ ਜੀ ਮਿੱਠੀ ਮੁਸਕਾਨ ਨਾਲ ਸਭਨਾਂ ਦਾ ਪਿਆਰ ਭਰਿਆ ਅਵਿਨੇਦਨ ਸਵੀਕਾਰ ਰਹੇ ਸਨ ਅਤੇ ਹਰ ਇੱਕ ਦਾ ਬਹੁਤ ਪਿਆਰ ਨਾਲ ਹਾਲ-ਚਾਲ ਪੁੱਛ ਰਹੇ ਸਨ। ਸੰਗਤ ਦੇ ਨਮਸਕਾਰ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਅਤੇ ਨਾਲ ਆਏ ਸਿੱਖਾਂ ਨੇ ਜਲਪਾਣੀ ਛਕਿਆਂ। ਏਸ ਦੌਰੇ ਸਮੇਂ ਬੰਕੌਕ ਥਾਈਲੈਂਡ ਤੋਂ ਬੀਬੀ ਕਵਲਜੀਤ ਕੌਰ ਪਤਨੀ ਸ. ਮਹਿਤਾਬ ਸਿੰਘ ਵੀ ਨਾਲ ਸਨ। ਸੰਗਤ ਨੂੰ ਸਵੇਰ ਦੇ ਪ੍ਰੋਗਰਾਮ ਦੱਸਣ ਉਪਰੰਤ ਸ੍ਰੀ ਸਤਿਗੁਰੂ ਜੀ ਆਪਣੇ ਡੇਰੇ ਜਿਥੇ ਸ੍ਰੀ ਸਤਿਗੁਰੂ ਜੀ ਨੇ ਰਾਤ ਵਿਸ਼ਰਾਮ ਕੀਤਾ।

**ਮਿਤੀ 4 ਜੁਲਾਈ 2024 ਦਿਨ ਵੀਰਵਾਰ–** ਸਮੁੱਚੇ ਪ੍ਰੋਗਰਾਮ ਲਈ ਵੈਨਕੂਵਰ ਦੇ ਪ੍ਰਬੰਧਕਾਂ ਵੱਲੋਂ ਸ਼ਹਿਰ ਵਿੱਚ ਸ੍ਰੀ ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਵਿਖੇ ਪ੍ਰਬੰਧ ਕੀਤਾ ਹੋਇਆ ਸੀ। ਜਿਥੇ ਹਾਲ ਵਿੱਚ ਬਹੁਤ ਹੀ ਸੁੰਦਰ ਪੰਡਾਲ ਅਤੇ ਅਤੀ ਸੁੰਦਰ ਮੰਚ ਤਿਆਰ ਕੀਤਾ ਗਿਆ ਸੀ। ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਦਵਿੰਦਰ ਸਿੰਘ ਅਤੇ ਪਵਿੱਤਰ ਸਿੰਘ ਨੇ ਕੀਤਾ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸੰਤ ਨਿਸ਼ਾਨ ਸਿੰਘ ਕਥਾਵਾਚਕ ਨੇ ਆਪਣੇ ਵਿਚਾਰ ਸਾਧ ਸੰਗਤ ਦੇ ਸਨਮੁੱਖ ਰੱਖੇ। ਸ੍ਰੀ ਸਤਿਗੁਰੂ ਜੀ ਦੇ ਵੈਨਕੂਵਰ ਵਿਖੇ ਦਰਸ਼ਨ ਦੇਣ ਦੀ ਖੁਸ਼ੀ ਸਾਧ ਸੰਗਤ ਦੇ ਚੇਹਰਿਆਂ ਤੇ ਝਲਕ ਰਹੀ ਸੀ ਸਭਨਾਂ ਦੇ ਦਿਨਾਂ ਅੰਦਰ ਇਕ ਵੱਖਰਾ

ਉਤਸ਼ਾਹ ਸੀ। ਕਥਾ ਦੀ ਸਮਾਪਤੀ ਉਪੰਰਤ ਨਾਮਧਾਰੀ ਸੰਗਤ ਵੈਨਕੂਵਰ ਦੇ ਖਜਾਨਚੀ ਸ. ਸੁਰਿੰਦਰ ਸਿੰਘ ਕੰਗ ਨੇ ਆਪਣੇ ਸ਼ਬਦਾਂ ਵਿੱਚ ਸ੍ਰੀ ਸਤਿਗੁਰੂ ਜੀ ਅਤੇ ਨਾਲ ਆਏ ਸਿੱਖ ਸੇਵਕਾਂ ਨੂੰ ਮੰਚ ਤੋਂ ਜੀ ਆਇਆਂ ਆਖਿਆ ਤੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਉਚੇਚਾ ਧੰਨਵਾਦ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਡੇਰੇ ਆਣ ਪ੍ਰਸ਼ਾਦ ਪਾਣੀ ਛਕਣ ਉਪਰੰਤ ਵਿਸ਼ਰਾਮ ਕੀਤਾ। ਸ਼ਾਮ ਦਾ ਪ੍ਰੋਗਰਾਮ ਨਾਮ ਸਿਮਰਨ ਅਤੇ ਕੀਰਤਨ ਦੇ ਰੂਪ ਵਿੱਚ ਸ੍ਰੀ ਗੁਰੂ ਅੰਗਦ ਦੇਵ ਐਲੀ ਮੈਟਰੀ ਸਕੂਲ ਵਿਖੇ ਹੀ ਹੋਇਆ। ਜਿਸ ਵਿੱਚ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਵਿੱਤਰ ਉਪਦੇਸ਼ ਸਰਵਨ ਕੀਤਾ। ਪਿਛਲੇ ਪਹਿਰ ਦਾ ਕੀਰਤਨ ਸ਼ਬਦ ਹਜ਼ੂਰੀ ਰਾਗੀ ਜਥੇ ਵਲੋਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਵਿੱਚ ਪੜਿਆ ਗਿਆ। ਸ਼ਬਦ ਸ੍ਰੀ ਭਾਈ ਗੁਰਦਾਸ ਜੀ ਦਾ 'ਧੰਨੁ ਧੰਨੁ ਸਤਿਗੁਰ ਪੁਰਖੁ ਨਿਰੰਕਾਰਿ ਆਕਾਰ ਬਣਾਇਆ॥' ਕੀਰਤਨ ਦੀ ਸਮਾਪਤੀ ਬਾਅਦ ਸ. ਅਨੂਪ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੀ ਆਮਦ ਤੇ ਆਪਣੀ ਇੱਕ ਰਚਨਾ ਪੇਸ਼ ਕੀਤੀ ਬੋਲ ਸਨ- 'ਸਾਡਾ ਹਰ ਸਾਹ ਥੋਡਾ ਸੁਕਰ ਗੁਜਾਰ ਹੈ।' ਗੁਰਲਾਲ ਸਿੰਘ ਕਥਾਵਾਚਕ ਸ੍ਰੀ ਭੈਣੀ ਸਾਹਿਬ ਨੇ ਆਪਣੇ ਲੈਕਚਰ ਵਿੱਚ ਮਿੱਤਰ ਸ਼ਬਦ ਦੀ ਵਿਆਖਿਆ ਕੀਤੀ। ਅੱਜ ਸ੍ਰੀ ਸਤਿਗੁਰੂ ਜੀ ਨੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਕੁਝ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ ਜਿਸ ਦੇ ਨਾਵਾਂ ਦੀ ਲਿਸਟ ਰਿਪੋਟ ਦੇ ਅੰਤ ਸਮੇਂ ਦਿੱਤੀ ਜਾਵੇਗੀ। ਸ੍ਰੀ ਸਤਿਗੁਰੂ ਜੀ ਨੇ ਬਹੁਤ ਹੀ ਪਿਆਰ ਅਤੇ ਅਪਣੱਤ ਭਰੇ ਸ਼ਬਦਾਂ ਵਿੱਚ ਹਰ ਪਰਿਵਾਰ ਅਤੇ ਪਰਿਵਾਰ ਦੇ ਜੀਆਂ ਦਾ ਹਾਲ-ਚਾਲ ਪੁੱਛਿਆ ਮੈਂ ਸਮਝਦਾ ਹਾਂ ਕਿ ਉਸ ਅਪਣੱਤ ਅਤੇ ਪਿਆਰ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।

**ਮਿਤੀ 5 ਜੁਲਾਈ 2024 ਦਿਨ ਸ਼ੁਕਰਵਾਰ-** ਰੋਜ ਦੀ ਤਰ੍ਹਾਂ ਅੱਜ ਵੀ ਆਸਾ ਦੀ ਵਾਰ ਦਾ ਕੀਰਤਨ ਪ੍ਰੋਗਰਾਮ ਵਾਲੀ ਜਗ੍ਹਾ ਤੇ ਸ੍ਰੀ ਸਤਿਗੁਰੂ ਜੀ ਹਜ਼ੂਰ ਹੋਇਆ ਜਿਸ ਵਿੱਚ ਸਥਾਨਕ ਜਥੇ ਦੇ ਨੌਜਵਾਨਾਂ ਨੇ ਰਾਗੀ ਸ. ਦਵਿੰਦਰ ਸਿੰਘ, ਪਵਿੱਤਰ ਸਿੰਘ ਰਤਨ ਸਿੰਘ ਨੇ ਕੀਤਾ ਅਤੇ ਤਬਲੇ ਤੇ ਸ. ਸਰਬਜੀਤ ਸਿੰਘ ਸੋਨੂੰ ਨੇ ਸਾਥ ਦਿੱਤਾ। ਨੇ ਰਲ ਕੇ ਆਸਾ ਦੀ ਵਾਰ ਦਾ ਕੀਰਤਨ ਦਾ ਰੰਗ ਬੰਨਿਆ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਰਾਗੀ ਦਵਿੰਦਰ ਸਿੰਘ ਦੇ ਸਿਖਿਆਰਥੀ ਬੱਚਿਆਂ ਨੇ ਆਪੋ ਆਪਣੀ ਸੰਥਿਆਂ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਪੇਸ਼ ਕੀਤੀ। ਛੋਟੇ ਭਾਵ ਸਬ-ਜੂਨੀਅਰ ਬੱਚਿਆਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ 'ਕਵਨ ਸੰਜੋਗ ਮਿਲਉ ਪ੍ਰਭ ਅਪਨੇ' ਅਤੇ ਵੱਡੇ ਬੱਚਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ 'ਨ ਭੀਜੈ ਰਾਗੀ ਨਾਦੀ ਬੇਦਿ॥' ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪੇਸ਼ ਕੀਤਾ। ਸੀਨੀਅਰ ਲੜਕੇ 'ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ' ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਅਤੇ ਸੀਨੀਅਰ ਗਰੁੱਪ ਲੜਕੀਆਂ ਨੇ ਵੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ 'ਗੁਨ ਨਾਦ ਧੁਨਿ ਅਨੰਦ ਬੇਦ' ਗਾਇਆ ਗਿਆ ਇਸ ਤੋਂ ਬਾਅਦ ਰਾਗੀ ਪਵਿੱਤਰ ਸਿੰਘ ਦੇ ਸਿਖਿਆਰਥੀ ਬੱਚਿਆਂ ਨੇ ਆਪੋ-ਆਪਣੀ ਵਾਰੀ ਅਨੁਸਾਰ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ 'ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ' ਅਤੇ ਸੀਨੀਅਰ ਲੜਕੀਆਂ ਨੇ ਗੁਰੂ ਅਮਰਦਾਸ ਜੀ ਦੇ ਅਨੰਦ ਵਿਚੋਂ 'ਇਹ ਸਰੀਰਾ ਮੇਰਿਆ ਇਸ ਜਗ ਮਹਿ ਆਇ ਕੈ ਕਿਆ ਤੁਸ ਕਰਮ ਕਮਾਇਆ' ਗਾਇਨ ਕੀਤੀ ਗਿਆ। ਪ੍ਰਬੰਧਕਾਂ ਵੱਲੋਂ ਅਨਾਉਂਸ ਕੀਤੇ ਪ੍ਰੋਗਰਾਮ ਦੇ ਮੁਤਾਬਿਕ ਸਮੁੱਚੀ ਸੰਗਤ ਨੇ ਅੱਜ ਸ੍ਰੀ ਸਤਿਗੁਰੂ ਜੀ ਦੇ ਨਾਲ ਬੀਅਰ ਕਰੀਰ ਪਾਰਕ ਵਿਖੇ ਘੁੰਮਣ ਲਈ ਜਾਣਾ ਸੀ। ਸੋ ਸਾਰੇ ਹੀ ਦਿੱਤੇ ਹੋਏ ਪ੍ਰੋਗਰਾਮ ਮੁਤਾਬਿਕ ਨਿਸਚਿਤ ਸਥਾਨ ਤੇ ਪਹੁੰਚ ਗਏ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਅਤੇ ਪਾਰਕ ਦੀ ਸੁੰਦਰਤਾ ਦਾ ਖੂਬ ਅਨੰਦ ਮਾਣਿਆ। ਏਥੋਂ ਹੀ ਸੰਗਤ ਆਪੋ-ਆਪਣੇ ਨਿਵਾਸ ਸਥਾਨਾਂ ਨੂੰ ਵਾਪਸ ਪਧਾਰੀ ਅਤੇ ਜਿਥੇ ਪਾਰਕ ਦੀ ਫੇਰੀ ਸਮੇਂ ਸੰਗਤ ਨੇ ਬਾਂਸਲ ਪੀਜਾ ਵਾਲਿਆਂ ਦੀ ਸੇਵਾ ਦਾ ਅਨੰਦ ਵੀ ਮਾਣਿਆ। ਸ੍ਰੀ ਸਤਿਗੁਰੂ ਜੀ ਨੇ ਡੇਰੇ ਆਣ ਰਾਤ ਵਿਸ਼ਰਾਮ ਕੀਤਾ।

**ਮਿਤੀ 6 ਜੁਲਾਈ 2024 ਦਿਨ ਸ਼ਨੀਵਾਰ-** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਰਤਨ ਸਿੰਘ ਤੇ ਪਵਿੱਤਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸ. ਗੁਰਨਾਮ ਸਿੰਘ ਹੋਠੀਆਂ ਨੇ ਸੰਤ ਬਲਬੀਰ ਸਿੰਘ ਜੀ ਬਾਰੇ ਐਲਾਨ ਕੀਤਾ ਜੋ ਸ੍ਰੀ ਸਤਿਗੁਰੂ ਜੀ ਦੇ ਦੌਰੇ ਸਮੇਂ ਨਾਲ ਆਏ ਸਨ ਕਿ ਕਿਸੇ ਵੀ ਜਗਿਆਸੂ ਨੂੰ ਨਾਮ ਸਿਮਰਨ ਦੇ ਵਿਧੀ ਵਿਧਾਨ ਬਾਰੇ ਜਾਨਣ ਦੀ ਜਗਿਆਸਾ ਹੈ ਤਾਂ ਸੰਤਾ ਨੂੰ ਨਿੱਜੀ ਤੌਰ ਤੇ ਮਿਲ ਸਕਦਾ ਹੈ। ਉਪਰੰਤ ਸ. ਜਸਪਾਲ ਸਿੰਘ ਦੇ ਸਿਖਿਆਰਥੀ ਬੱਚਿਆਂ ਨੇ ਸ੍ਰੀ ਸਤਿਗੁਰੂ ਜੀ ਦੇ ਹਾਜ਼ਰ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਕਵਨ ਸੰਜੋਗ ਮਿਲਉ ਪ੍ਰਭੁ ਅਪਨੇ ਗਾਇਨ ਕੀਤਾ।

ਪਵਨਦੀਪ ਸਿੰਘ, ਪਵਿੱਤਰ ਸਿੰਘ, ਪਿਆਰਾ ਸਿੰਘ ਨੇ ਤਬਲੇ ਅਤੇ ਹਰਮੋਨੀਅਮ ਤੇ ਰਮਨਦੀਪ ਕੌਰ ਨੇ ਕਵਿਤਾ ਪੇਸ਼ ਕੀਤੀ, ਬੱਚੀ ਹਰਨਾਮ ਕੌਰ ਅਤੇ ਹਰਦੀਪ ਕੌਰ ਨੇ ਸਾਖੀ ਸੁਣਾਈ, ਬੀਬੀ ਜਸਬੀਰ ਕੌਰ ਨੇ ਕਵਿਤਾ ਪੇਸ਼ ਕੀਤੀ, ਰਨਬੀਰ ਕੌਰ ਨੇ ਲੈਕਚਰ ਕੀਤਾ। ਸਟੇਜ ਦੀ ਕਾਰਵਾਈ ਅਮਨ ਕੌਰ ਨੇ ਕੀਤੀ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ. ਗੁਰਮੀਤ ਸਿੰਘ ਕਾਕਾ ਪੁੱਤਰ ਸ. ਸਰਦੂਲ ਸਿੰਘ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਣੀ ਛਕਿਆ। ਏਥੇ ਹੀ ਲੁਆਇਨਜ ਫੀਲਡ ਹਾਕੀ ਕਲਬ ਦੇ ਅਹੁਦੇਦਾਰ ਸ. ਸ਼ੇਰ ਸਿੰਘ ਸ਼ੇਰੇ ਦੀ ਅਗਵਾਈ ਵਿੱਚ ਸ. ਮਹਿੰਦਰ ਸਿੰਘ ਬੈਲੀਵਾਲ ਅਤੇ ਸ. ਜਸਬੀਰ ਸਿੰਘ ਸੁਧਾਰ ਤੋਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਆਈ ਕੈਨੇਡਾ ਦੀ ਧਰਤੀ ਤੇ ਪਹਿਲੀਆਂ ਸਿਖ ਗੇਮਾਂ ਕਰਵਾਉਣ ਦਾ ਇਹਨਾਂ ਸੱਜਨਾਂ ਨੂੰ ਮਾਣ ਹਾਸਲ ਹੈ। ਅੱਜ ਸ਼ਾਮ ਦੇ ਨਾਮ ਸਿਮਰਨ ਸਮੇਂ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਨ ਕੀਤਾ। ਏਸੇ ਸਮੇਂ ਹੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਸ. ਸੁੱਖ ਧਾਲੀਵਾਲ ਜੀ ਉਚੇਚੇ ਤੌਰ ਤੇ ਪਹੁੰਚੇ ਅਤੇ ਨਾਮ ਸਿਮਰਨ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੁਝ ਸ਼ਬਦ ਵੀ ਬੋਲੇ ਜਿਸ ਵਿੱਚ ਉਹਨਾਂ ਨੇ ਨਾਮਧਾਰੀ ਪੰਥ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿੱਚ ਦੇਸ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦਾ ਜਿਕਰ ਕੀਤਾ। ਮੈਬਰਪਾਰਲੀ ਮੈਂਟ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਵੈਨਕੂਵਰ ਵਿਖੇ ਦਰਸ਼ਨ ਦੇਣ ਲਈ ਧੰਨਵਾਦ ਕੀਤਾ ਅਤੇ ਜੀ ਆਇਆ ਆਖਿਆ। ਉਪਰੰਤ ਗੁਰਲਾਲ ਸਿੰਘ ਕਥਾਵਾਚਕ ਨੇ ਕਥਾ ਕੀਤੀ। ਅੱਜ ਦੇ ਸ਼ਾਮ ਦੇ ਕੀਰਤਨ ਸਮੇਂ ਰਾਗੀ ਰਤਨ ਸਿੰਘ ਪੁੱਤਰ ਸ. ਰਣਜੀਤ ਸਿੰਘ ਲਾਂਗਰੀ ਦੀ ਅਗਵਾਈ ਵਿੱਚ ਬੱਚਿਆਂ ਨੇ ਸ਼ਬਦ ਪੜਿਆ।

**ਮਿਤੀ 7 ਜੁਲਾਈ 2024 ਐਤਵਾਰ–** ਅੱਜ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਦਵਿੰਦਰ ਸਿੰਘ, ਰਤਨ ਸਿੰਘ ਤੇ ਪਿਆਰਾ ਸਿੰਘ ਨੇ ਕੀਤਾ। ਵਾਰ ਦੀ ਸਮਾਪਤੀ ਬਾਅਦ ਬੱਚਿਆਂ ਦੇ ਪ੍ਰੋਗਰਾਮ ਸੀ ਜਿਸ ਵਿੱਚ ਬੱਚੀ ਅਤਰ ਕੌਰ, ਕਰਮ ਸਿੰਘ, ਆਸਾ ਸਿੰਘ, ਅਜੀਤ ਸਿੰਘ, ਮਨਜੀਤ ਸਿੰਘ, ਦਿਆਲ ਸਿੰਘ, ਗੁਰਲੀਲ ਕੌਰ ਤੇ ਗਿਆਨ ਸਿੰਘ ਨੇ ਕਵਿਤਾ ਦੇ ਰੂਪ ਵਿੱਚ ਪ੍ਰੋਗਰਾਮ ਪੇਸ਼ ਕੀਤਾ। ਸਟੇਜ ਦੀ ਸਕੱਤਰਤਾ ਬਲਕਾਰ ਸਿੰਘ ਤੇ ਗੁਰਕੀਰਤ ਸਿੰਘ ਨੇ ਕੀਤੀ। ਉਪਰੰਤ ਸੇਵਕ ਹਰਪਾਲ ਸਿੰਘ ਨੇ ਸੰਗਤ ਨੂੰ ਸੰਬੋਧਨ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤ ਸਮੇਤ ਸ. ਪ੍ਰਭਦੀਪ ਸਿੰਘ ਪੁੱਤਰ ਸ. ਟਹਿਲ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ ਅਤੇ ਪ੍ਰਸ਼ਾਦਾ ਛਕਿਆ। ਅੱਜ ਦੁਪਹਿਰ ਦੇ ਨਾਮ ਸਿਮਰਨ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨਾਮਧਾਰੀ ਨੌਜਵਾਨ ਲੜਕੇ ਅਤੇ ਲੜਕੀਆਂ ਦੀ ਵਿਸ਼ੇਸ਼ ਇਕੱਤਰਤਾ ਬੁਲਾਈ ਜਿਸ ਵਿੱਚ ਸ੍ਰੀ ਸਤਿਗੁਰੂ ਜੀ ਨੇ ਨੌਜਵਾਨ ਵਿਸ਼ੇਸ਼ ਇਕੱਤਰਤਾ ਬੁਲਾਈ ਜਿਸ ਵਿੱਚ ਸ੍ਰੀ ਸਤਿਗੁਰੂ ਜੀ ਨੇ ਨੌਜਵਾਨ ਲੜਕੇ ਅਤੇ ਲੜਕੀਆਂ ਪੁੱਛਿਆ ਕਿ ਏਥੇ ਵਿਦੇਸ਼ ਵਿੱਚ ਰਹਿੰਦੇ ਹੋਏ ਨਵੇਂ ਆਏ ਲੜਕੇ-ਲੜਕੀਆਂ ਨੂੰ ਕਿਸੇ ਵੀ ਕਿਸਮ ਦੀ ਕੋਈ ਮੁਸਕਿਲ ਜਾਂ ਕੋਈ ਦੁੱਖ-ਤਕਲੀਫ ਹੈ ਤਾਂ ਬੇ-ਝਿਜਕ ਹੋ ਕੇ ਦੱਸੋ। ਏਥੇ ਦੇ ਕਲਚਰ ਵਿੱਚ ਰਹਿੰਦੇ ਹੋਏ ਕੋਈ ਮੁਸਕਿਲ ਸ੍ਰੀ ਸਤਿਗੁਰੂ ਜੀ ਨੇ ਹਰ ਬੱਚੇ-ਬੱਚੀ ਦੀ ਗੱਲਬਾਤ ਬਹੁਤ ਧਿਆਨ ਦੇ ਕੇ ਸੁਣੀ ਅਤੇ ਉਹਨਾਂ ਦੀ ਸਮੱਸਿਆਵਾਂ ਦਾ ਹੱਲ ਵੀ ਕੀਤਾ। ਅੱਜ ਸ਼ਾਮ ਦੇ ਨਾਮ ਸਿਮਰਨ ਸਮੇਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਸਮਾਪਤੀ ਉਪਰੰਤ ਅਮਰ ਕੌਰ ਪੁੱਤਰੀ ਸੂਬਾ ਅਮਰੀਕ ਸਿੰਘ ਬੰਗਲੌਰ ਦੀ ਅਗਵਾਈ ਵਿੱਚ ਗੁਰੂ ਅਰਜਨ ਦੇਵ ਜੀ ਦਾ ਸ਼ਬਦ 'ਐਸੇ ਗੁਰ ਕਉ, ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥' ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਬੱਚੀਆਂ ਨੇ ਗਾਇਨ ਕੀਤਾ। ਸ਼ਾਮ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਰਾਗੀ ਬਲਵੰਤ ਸਿੰਘ ਜੀ ਦੀ ਅਗਵਾਈ ਵਿੱਚ ਕੀਤਾ ਗਿਆ। ਗੁਰੂ ਰਾਮਦਾਸ ਜੀ ਦਾ ਸ਼ਬਦ ਸੀ 'ਜਪਿ ਮਨ ਜਗੀਨਾਥ ਜਗਦੀ ਸਰੋ' ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ "ਨਾਮ ਸਿਮਰਨ ਕਰਨ ਦਾ ਅਤੇ ਸਾਧ ਸੰਗਤ ਕਰਨ ਦਾ ਸਮਾਂ ਵੱਡੇ ਭਾਗਾਂ ਨਾਲ ਮਿਲਿਆ ਹੈ।" ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ਼ਾਮ ਨੂੰ ਸ੍ਰੀ ਸਤਿਗੁਰੂ ਜੀ ਨੇ ਕਮਲਜੀਤ ਸਿੰਘ ਪੁੱਤਰ ਸ. ਜਸਪਾਲ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ ਅਤੇ ਜਲਪਾਣੀ ਛਕਿਆ। ਏਥੋਂ ਹੀ ਵਾਪਸ ਆਪਣੇ ਡੇਰੇ ਆਣ ਰਾਤ ਵਿਸ਼ਰਾਮ ਕੀਤਾ।

**ਮਿਤੀ 8 ਜੁਲਾਈ 2024 ਦਿਨ ਸੋਮਵਾਰ–** ਅੱਜ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸ. ਹਰਬੰਸ ਸਿੰਘ ਘੁੱਲਾ, ਕ੍ਰਿਪਾਲ ਸਿੰਘ ਪਾਲੀ, ਦਵਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਸੋਨੂੰ ਨੇ ਕੀਤਾ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਬੀਬੀ ਨਿਮਰਤਾ ਰਤਨਾ ਨੇ

ਗੁਰੂ ਅਰਜਨ ਦੇਵ ਜੀ ਦਾ ਸ਼ਬਦ 'ਬਿਸਰ ਗਈ ਸਭ ਤਾਤਿ ਪਰਾਈ' ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਗਾਇਨ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ. ਗੁਰਨਾਮ ਸਿੰਘ ਸਪੁੱਤਰ ਸੂਬਾ ਕਰਤਾਰ ਸਿੰਘ ਹੋਠੀਆਂ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਣੀ ਛਕਿਆ। ਅੱਜ ਸਾਧ ਸੰਗਤ ਦੇ ਵਿਸਲਰ ਵਿਜਟਰ ਸੈਂਟਰ ਵਿਖੇ ਘੁੰਮਣ ਦਾ ਜਾਣ ਦਾ ਪ੍ਰੋਗਰਾਮ ਸੀ। ਕੁੱਝ ਸਰੀਰ ਆਪੋ-ਆਪਣੀਆਂ ਗੱਡੀਆਂ ਵਿੱਚ ਸਵਾਰ ਹੋ ਕੇ ਅਤੇ ਅਸੀਂ ਸ. ਅਮਰਜੀਤ ਸਿੰਘ ਦੀ ਅਗਵਾਈ ਵਿੱਚ ਇਕ ਬੱਸ ਵਿੱਚ ਸਵਾਰ ਹੋ ਕੇ ਵਿਸਲਰ ਵਿਜਟਰ ਸੈਟਰ ਵਿਖੇ ਪਹੁੰਚੇ ਤਾਂ ਸ੍ਰੀ ਸਤਿਗੁਰੂ ਜੀ ਪਹਿਲਾਂ ਹੀ ਉਥੇ ਪਹੁੰਚੇ ਹੋਏ ਸਨ। ਸਾਰੀ ਹੀ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਸਾਥ ਅਤੇ ਰਮਨੀਕ ਅਤੇ ਸੁੰਦਰ ਪਹਾੜੀਆਂ ਵਿੱਚ ਬਣੇ ਗੰਡੋਲਿਆਂ ਵਿੱਚ ਸਵਾਰ ਹੋ ਕੇ ਕੁਦਰਤ ਦੇ ਅਦਭੁੱਤ ਨਜਾਰਿਆਂ ਅਤੇ ਇਸ ਕੁਦਰਤ ਨੂੰ ਸਿਰਜਵਾਲੇ ਸਿਰਜਨ ਹਾਰ ਦੀ ਹੋਂਦ ਦਾ ਖੂਬ ਅਨੰਦ ਮਾਣਿਆਂ। ਕਾਫੀ ਲੰਮਾ ਸਮਾਂ ਘੁੰਮਣ ਤੋਂ ਬਾਅਦ ਸਭਨਾ ਆਪੋ-ਆਪਣੇ ਡੇਰਿਆ ਵੱਲ ਵਾਪਸੀ ਕੀਤੀ ਅਤੇ ਅਤੇ ਰਾਤ ਆਣ ਵਿਸ਼ਰਾਮ ਕੀਤਾ।

**ਮਿਤੀ 9 ਜੁਲਾਈ 2024 ਦਿਨ ਮੰਗਲਵਾਰ-** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਕ੍ਰਿਪਾਲ ਸਿੰਘ ਪਾਲੀ, ਦਵਿੰਦਰ ਸਿੰਘ ਅਤੇ ਪਵਿੱਤਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਇਆ। ਅੱਜ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਵਨ ਪਵਿੱਤਰ ਗੁਰਬਾਣੀ ਦੇ 14 ਪਾਠਾਂ ਦੇ ਭੋਗ ਪਾਏ ਗਏ। ਜਿਨ੍ਹਾਂ ਵਿਚ 5 ਪਾਠ ਵੱਖ-ਵੱਖ ਪਰਿਵਾਰਾਂ ਵਲੋਂ ਗੁਰਸਿੱਖੀ ਦੀ ਦਾਤ ਅਤੇ ਸੁੱਖ-ਸ਼ਾਂਤੀ ਲਈ ਪਾਏ ਗਏ। ਏਸੇ ਸਮੇਂ ਹੀ ਨਾਮਧਾਰੀ ਸੁਸਾਇਟੀ ਵੈਨਕੂਵਰ ਦੇ ਸੇਵਾਦਾਰਾਂ ਨੇ ਪ੍ਰਧਾਨ ਗੁਰਸੇਵਕ ਸਿੰਘ ਦੀ ਅਗਵਾਈ ਵਿੱਚ ਸ੍ਰੀ ਸਤਿਗੁਰੂ ਜੀ ਨੂੰ ਭੇਂਟਾ ਧਰ ਨਮਸਕਾਰ ਕੀਤੀ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ. ਸੁਰਿੰਦਰ ਸਿੰਘ ਕੰਗ ਸੈਕਟਰੀ ਨਾਮਧਾਰੀ ਸੰਗਤ ਵੈਨਕੂਵਰ ਦੇ ਗ੍ਰਹਿ ਵਿਖੇ ਪ੍ਰਸ਼ਾਦਾ ਛਕਿਆ। ਅੱਜ ਦੁਪਹਿਰ ਦਾ ਪ੍ਰੋਗਰਾਮ ਗੁਰਸੇਵਕ ਸਿੰਘ ਦੇ ਫਾਰਮ ਹਾਊਸ ਤੇ ਸਰੀ ਸ਼ਹਿਰ ਤੋਂ 50 ਕਿਲੋਮੀਟਰ ਦੂਰ ਸ਼ਹਿਰ ਐਕਸਫੋਰਟ ਵਿਖੇ ਸੀ। ਪ੍ਰੋਗਰਾਮ ਦੀ ਸ਼ੁਰੂਆਤ ਨਾਮ ਸਿਮਰਨ ਦੀ ਅਰਦਾਸ ਨਾਲ ਹੋਈ ਜਿਸ ਵਿੱਚ ਜਥੇ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਹੱਲੇ ਦਾ ਦੀਵਾਨ ਸਜਾਇਆ। ਸਾਧ ਸੰਗਤ ਆਪੋ-ਆਪਣੇ ਸਾਧਨਾਂ ਤੇ ਵੱਡੀ ਗਿਣਤੀ ਵਿੱਚ ਪਹੁੰਚੀ ਹੋਈ ਸੀ। ਸਮਾਪਤੀ ਉਪਰੰਤ ਸ. ਮਨਜੀਤ ਸਿੰਘ ਪੁੱਤਰ ਬਲਬੀਰ ਸਿੰਘ ਦੇ ਗ੍ਰਹਿ ਵਿਖੇ ਜਲ-ਪਾਣੀ ਛਕਿਆ। ਸ੍ਰੀ ਸਤਿਗੁਰੂ ਜੀ ਨੇ ਸ. ਗੁਰਸੇਵਕ ਸਿੰਘ ਪ੍ਰਧਾਨ ਜੀ ਦੇ ਫਾਰਮ ਹਾਊਸ ਤੇ ਬਣੇ ਗ੍ਰੀਨ ਹਾਊਸ ਦਾ ਵੀ ਦੌਰਾ ਕੀਤਾ ਜਿਥੇ ਵੱਖ-ਵੱਖ ਪੋਦਿਆਂ ਦੀ ਪਨੀਰੀ ਤਿਆਰ ਕੀਤੀ ਜਾ ਰਹੀ ਸੀ। ਸਾਰੇ ਦਿਨ ਦੇ ਰੁਝੇਵੇ ਨੂੰ ਸਮਾਪਤ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਡੇਰੇ ਆਣ ਰਾਤ ਵਿਸ਼ਰਾਮ ਕੀਤਾ।

**ਮਿਤੀ 10 ਜੁਲਾਈ 2024 ਦਿਨ ਬੁੱਧਵਾਰ-** ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵੈਨਕੂਵਰ ਦੇ ਸਥਾਨਕ ਨੌਜਵਾਨਾਂ ਦੇ ਜਥੇ ਨੇ ਦਵਿੰਦਰ ਸਿੰਘ, ਪਵਿੱਤਰ ਸਿੰਘ ਅਤੇ ਬਲਕਾਰ ਸਿਮਘ ਦੀ ਅਗਵਾਈ ਵਿੱਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤਾ। ਅੱਜ ਸ੍ਰੀ ਸਤਿਗੁਰੂ ਜੀ ਦੇ ਵੈਨਕੂਵਰ (ਸਰੀ) ਦੌਰੇ ਦੀ ਸਮਾਪਤੀ ਦਾ ਦਿਨ ਸੀ ਜਲਦੀ ਹੀ ਆਸਾ ਦੀ ਵਾਰ ਦੀ ਸਮਾਪਤੀ ਅਤੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਗੱਡੀ ਵਿੱਚ ਸਵਾਰ ਹੋ ਕੇ ਕੀਤਾ ਅਤੇ ਆਪਣੇ ਡੇਰੇ ਆਣ ਪ੍ਰਸ਼ਾਦ ਪਾਣੀ ਛਕਿਆ। ਅੱਜ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਨੇਡਾ ਦੇ ਸ਼ਹਿਰ ਵੈਨਕੂਵਰ ਦੌਰੇ ਦੀ ਸਮਾਪਤੀ ਉਪਰੰਤ ਅਗਲੇ ਪੜਾ ਲਈ ਰਵਾਨਾ ਹੋਣਾ ਸੀ। ਸ੍ਰੀ ਸਤਿਗੁਰੂ ਜੀ ਵੈਨਕੂਵਰ ਦੀ ਸਾਧ ਸੰਗਤ ਨੂੰ ਖੁਸ਼ੀਆਂ ਬਖ਼ਸ਼ ਕੇ ਅਗਲੇ ਪੜਾ ਲਈ ਹਵਾਈ ਅੱਡੇ ਲਈ ਰਵਾਨਾ ਹੋ ਗਏ।

ਵੈਨਕੂਵਰ ਵਿਖੇ ਸ੍ਰੀ ਸਤਿਗੁਰੂ ਜੀ ਨੇ ਜਿਨ੍ਹਾਂ ਘਰਾਂ ਵਿੱਚ ਚਰਨ ਪਾਓਣ ਦੀ ਕਿਰਪਾ ਕੀਤੀ- ਸ. ਅਮਰਜੀਤ ਸਿੰਘ ਨਿੱਝਰ, ਸ. ਬਸੰਤ ਸਿੰਘ ਚਾਨਾ, ਸ. ਗੁਰਸੇਵ ਸਿੰਘ ਦਿੱਲੀ, ਸ. ਪ੍ਰਿਤਪਾਲ ਸਿੰਘ ਟਰਾਂਟੋ, ਸ. ਸਮਿੰਦਰ ਸਿੰਘ ਰੈਸਟੋਰੈਂਟ, ਸ. ਦਲਵਿੰਦਰ ਸਿੰਘ, ਸ. ਹਰਮੀਤ ਪਾਲ ਸਿੰਘ, ਸ. ਪਵਿੱਤਰ ਸਿੰਘ, ਸ. ਜੈ ਸਿੰਘ, ਸ. ਕਨਵਲਪਾਲ ਸਿੰਘ ਕਲਸੀ ਅਫਰੀਕਾ, ਸ. ਸਰਬਜੀਤ ਸਿੰਘ ਮੰਨਣ, ਸ. ਸੰਤ ਸਿੰਘ, ਸ. ਹਰਗੋਪਾਲ ਸਿੰਘ ਰੂਪਰਾ, ਸ. ਗੁਰਦੀਸ ਪਾਲ ਸਿੰਘ ਇੰਟਰਨੈਸ਼ਨਲ ਹਾਕੀ ਖਿਡਾਰੀ, ਸ. ਅਰਸ਼ਦੀਪ ਸਿੰਘ ਬਾਂਸਲ, ਸ. ਹਾਕਮ ਸਿੰਘ ਪੁੱਤਰ ਸੂਬਾ ਹਰਜੀਤ ਸਿੰਘ ਮੁਠੱਡਾ, ਸ. ਮੰਗਲਜੀਤ ਸਿੰਘ ਦਿੱਲੀ, ਸ. ਵਕੀਲ ਸਿੰਘ, ਸ. ਸੰਦੀਪ ਸਿੰਘ ਜੰਡੂ, ਸ. ਸੰਪੂਰਨ ਸਿੰਘ, ਸ. ਪਵਨਜੀਤ ਸਿੰਘ, ਸ. ਕਵਲਜੀਤ ਸਿੰਘ, ਸ. ਸਰਦਾਰਾ ਸਿੰਘ, ਸ. ਗੁਰਨਾਮ ਸਿੰਘ ਹੋਠੀਆਂ, ਸ. ਗੁਰਮੀਤ ਸਿੰਘ ਕੰਗ, ਸੂਬਾ ਬਲਬੀਰ ਸਿੰਘ, ਸ. ਤਜਿੰਦਰ ਸਿੰਘ ਮੰਡੀ, ਸ. ਪਾਤਰ, ਸ. ਪਿੰਕੀ ਨਿੱਝਰ, ਸ. ਸੁਰਿੰਦਰ ਸਿੰਘ ਕੰਗ ਤੇ ਬੀਬੀ ਕਵਲਦੀਪ ਕੌਰ ਪੁੱਤਰ ਸ. ਸਰਦੂਲ ਸਿੰਘ ਜਾਗੋਵਾਲ, ਸ. ਰੱਬ ਰੂਪਰਾ।

**ਸੂਬਾ ਬਲਵਿੰਦਰ ਸਿੰਘ ਝੱਲ**

........................................................

## ਗੁਰਮਤਿ ਸਿਖਲਾਈ ਸਮਾਗਮ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਸਦਕਾ ਨਾਮਧਾਰੀ ਵਿਦਿਅਕ ਜੱਥਾ ਦਿੱਲੀ ਵਲੋ 29-30 ਜੂਨ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਗੁਰਮਤਿ ਸਿਖਲਾਈ ਸਮਾਗਮ ਕਰਵਾਇਆ ਗਿਆ। ਇਸ ਸੰਮੇਲਨ ਦੌਰਾਨ 5 ਤੋਂ 17 ਸਾਲ ਤਕ ਦੇ 270 ਕੁ ਬੱਚਿਆਂ ਨੇ ਭਾਗ ਲਿਆ। ਬੱਚਿਆਂ ਦੀ ਵਰਗ ਵੰਡ ਤਿੰਨ ਹਿੱਸਿਆਂ ਚ ਕੀਤੀ ਗਈ। ਪਹਿਲਾ ਵਰਗ 5 ਤੋਂ 8 ਸਾਲ ਦੂਜਾ ਵਰਗ 9 ਤੋਂ 12 ਸਾਲ ਤੇ ਤੀਜਾ ਵਰਗ 13 ਤੋਂ 17 ਸਾਲ ਵੰਡਿਆ ਗਿਆ।

ਸੰਮੇਲਨ ਦੀ ਸ਼ੁਰੂਆਤ ਮੌਕੇ ਅਰਦਾਸ ਤੋ ਬਾਅਦ ਮਾਣਯੋਗ ਸ.ਹਰਵਿੰਦਰ ਸਿੰਘ ਹੰਸਪਾਲ (ਪ੍ਰਧਾਨ ਨਾਮਧਾਰੀ ਦਰਬਾਰ) ਸੂਬਾ ਅਰਵਿੰਦ ਸਿੰਘ ਜੀ ਦਿੱਲੀ, ਸੂਬਾ ਜਗਤਾਰ ਸਿੰਘ ਜੀ ਸਾਹਿਬਾਬਾਦ ਵਲੋਂ ਦੀਪ ਪ੍ਰਜਵਲਿਤ ਕੀਤਾ ਗਿਆ।

ਪਿਛਲੇ ਇਕ ਮਹੀਨੇ ਤੋਂ ਰਮੇਸ਼ ਨਗਰ ਅਤੇ ਸਾਹਿਬ ਪੁਰਾ ਧਰਮਸ਼ਾਲਾ ਵਿਖੇ ਬੀਬੀਆਂ ਦੇ ਜਥੇ ਵਲੋਂ ਬੱਚਿਆਂ ਨੂੰ ਪ੍ਰਤੀਯੋਗਤਾਵਾਂ ਦੀ ਤਿਆਰੀ ਕਰਵਾਈ ਜਾ ਰਹੀ ਸੀ। ਜਿਸਦਾ ਅਸਰ ਸਾਫ ਦੇਖਣ ਚ ਆਇਆ ਕਿ ਵਡੀ ਗਿਣਤੀ 'ਚ ਬਚੇ ਹਰ ਪ੍ਰਤੀਯੋਗਤਾ ਵਿਚ ਹਿੱਸਾ ਲੈਣ ਲਈ ਪਹੁੰਚੇ। ਇੱਕਲੇ ਕੁਇਜ਼ ਵਿਚ ਹੀ 50 ਜਥੇ 2-2 ਬੱਚਿਆਂ ਦੀ ਟੀਮ ਦੇ ਤਿਆਰੀ ਕਰਕੇ ਆਏ ਸਨ। ਦਿੱਲੀ ਵਿੱਚੋ ਹੀ ਦੀਵਾਨ ਪ੍ਰਤੀਯੋਗਤਾ ਵਿਚ 9 ਜਥਿਆਂ ਨੇ ਭਾਗ ਲਿਆ। ਇਕ ਜਥੇ 'ਚ 7 ਮੈਂਬਰ ਸ਼ਾਮਿਲ ਸਨ। ਇਸ ਤੋਂ ਇਲਾਵਾ ਸੰਗੀਤ- ਗਾਇਣ, ਤਬਲਾ ਤੇ ਢੋਲਕੀ ਵਾਦਨ, ਤੰਤੀ ਸਾਜ ਵਾਦਨ, ਪੇਂਟਿੰਗ, ਸ਼ੁੱਧ ਗੁਰਬਾਣੀ, ਅਰਦਾਸ, ਨਾਮ ਸਿਮਰਨ, ਦਸਤਾਰਬੰਦੀ, ਭਾਸ਼ਣ, ਕੁਕਿੰਗ ਪ੍ਰਤੀਯੋਗਤਾ ਵਿਚ ਭਾਗ ਲੈਣ ਵਾਲੇ ਬੱਚਿਆਂ ਦੀ ਮੇਹਨਤ ਸਾਫ ਨਜ਼ਰ ਆ ਰਹੀ ਸੀ।

ਜਜਮੈਂਟ ਕਰਨ ਲਈ ਸ੍ਰੀ ਭੈਣੀ ਸਾਹਿਬ ਤੋਂ ਰਾਗੀ ਹਰਵਿੰਦਰ ਸਿੰਘ, ਰਾਗੀ ਸ਼ਾਮ ਸਿੰਘ ਅਤੇ ਗੁਰਭਗਤ ਸਿੰਘ ਨੇ ਵਿਸ਼ੇਸ਼ ਤੌਰ ਤੇ ਦਰਸ਼ਨ ਦਿੱਤੇ। ਦਿੱਲੀ ਤੋਂ ਬੀਬੀ ਨਰਿੰਦਰ ਕੌਰ, ਡਾਇਰੈਕਟਰ ਸਤਵੰਤ ਕੌਰ, ਬੀਬੀ ਰਜਵੰਤ ਕੌਰ, ਬੀਬੀ ਮਨਮੀਤ ਕੌਰ, ਸ. ਸਰਵ ਸ਼ਕਤੀਮਾਨ ਸਿੰਘ, ਸੰਤ ਜਸਬੀਰ ਸਿੰਘ, ਸੰਤ ਹਰਦਿਆਲ ਸਿੰਘ ਤੇ ਜਥੇਦਾਰ ਦਰਸ਼ਨ ਸਿੰਘ ਜੀ ਨੇ ਬੱਚਿਆਂ ਦੀ ਮਿਹਨਤ ਦਾ ਮੁਲਾਂਕਣ ਕਰਨ ਚ ਸਹਾਇਤਾ ਕੀਤੀ। ਇਹਨਾ ਸਾਰੇ ਜੱਜ ਸਾਹਿਬਾਨਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਵਿਦਿਅਕ ਜੱਥਾ ਦਿੱਲੀ ਵਲੋ ਸੰਮੇਲਨ 'ਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ brand decathlon ਦੇ ਸਕੂਲ ਬੈਗ ਵੰਡੇ ਗਏ। ਨਾਮਧਾਰੀ ਅਤੇ ਗੈਰ ਨਾਮਧਾਰੀ ਸੰਸਥਾਵਾਂ 'ਚ ਵਿਸ਼ੇਸ਼ ਅਹੁਦਿਆਂ ਤੇ ਸੇਵਾ ਨਿਭਾਉਣ ਵਾਲੇ ਪਤਿਵੰਤੇ ਸੱਜਣਾ ਰਾਹੀਂ ਇਨਾਮ ਵੰਡ ਸਮਾਰੋਹ ਸੰਪੰਨ ਹੋਇਆ। ਪਹਿਲੇ ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਟਰਾਫੀਆਂ ਦਿੱਤੀਆਂ ਗਈਆਂ। ਕਿਸੀ ਕਿਸੀ ਪ੍ਰਤੀਯੋਗਤਾ 'ਚ 2 ਬੱਚਿਆਂ ਨੂੰ ਵੀ ਇਕ ਸਥਾਨ ਦਿੱਤਾ ਗਿਆ। ਹਰ ਪ੍ਰਤੀਯੋਗਤਾ 'ਚ 2 ਹੌਂਸਲਾ ਵਧਾਊ ਇਨਾਮ ਵੀ ਦਿੱਤੇ ਗਏ। ਇਸ ਸੰਮੇਲਨ ਚ ਦਿੱਲੀ ਦੇ ਨਾਲ ਲਗਦੇ ਇਲਾਕੇ ਸਾਹਿਬਾਬਾਦ (ਯੂ.ਪੀ.) ਤੇ ਗੁਰੂਗ੍ਰਾਮ (ਹਰਿਆਣਾ) ਦੇ ਨਾਮਧਾਰੀ ਪਰਿਵਾਰਾਂ ਦੇ ਬੱਚਿਆਂ ਨੇ ਵੀ ਸ਼ਮੂਲੀਅਤ ਕੀਤੀ।

ਆਈ ਹੋਈ ਸਾਧ ਸੰਗਤ ਤੇ ਬੱਚਿਆਂ ਲਈ ਵਿਸ਼ੇਸ਼ ਲੰਗਰ ਦੋਨੋ ਦਿਨ ਚਲਦਾ ਰਿਹਾ। ਨੌਜਵਾਨ ਲੜਕੇ ਤੇ ਲੜਕੀਆਂ ਨੇ ਵਧ ਚੜ੍ਹ ਕੇ ਸੇਵਾ ਕੀਤੀ। ਇਸ ਸਾਰੇ ਸਮਾਗਮ ਦੀ ਸਫਲਤਾ ਲਈ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਦੇ ਮੈਂਬਰ ਬੀਬੀ ਉਪਮਾ ਕੌਰ, ਆਤਮਾ ਕੌਰ ਅਤੇ ਨਾਮਧਾਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ. ਟਹਿਲ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।

**ਨਿਸ਼ਾਨ ਸਿੰਘ**

## ਸ੍ਰੀ ਸਤਿਗੁਰੂ ਜੀ ਦੇ ਸਾਸਕਾਟੂਨ ਦੀ ਸੰਗਤ ਨੂੰ ਦਰਸ਼ਨ

ਨਾਮਧਾਰੀ ਪੰਥ ਦੇ ਮਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਜੁਲਾਈ 3 ਤੋਂ ਅਰੰਭ ਹੋਇਆ ਕੈਨੇਡਾ ਦੌਰਾ ਜਿਸ ਦੌਰਾਨ ਸ੍ਰੀ ਸਤਿਗੁਰੂ ਜੀ ਨੇ ਤਕਰੀਬਨ ਇਕ ਹਫਤੇ ਲਈ ਵੈਨਕੂਵਰ (ਸਰੀ) ਦੀ ਸਾਧ ਸੰਗਤ ਨੂੰ

ਸਮਾਂ ਦੇ ਕੇ ਨਿਵਾਜਿਆ ਅਤੇ 10 ਜੁਲਾਈ ਨੂੰ ਆਪਣੇ ਡੌਰੇ ਦੇ ਅਗਲੇ ਪੜਾ ਲਈ ਰਵਾਨਾ ਹੋਏ।

**ਮਿਤੀ 10 ਜੁਲਾਈ 2024 ਦਿਨ ਬੁੱਧਵਾਰ** ਸਵੇਰੇ ਆਸਾ ਦੀ ਵਾਰ ਦੇ ਭੋਗ ਦੀ ਸਮਾਪਤੀ ਉਪਰੰਤ ਹਵਾਈ ਸਫਰ ਰਾਹੀ ਸ੍ਰੀ ਸਤਿਗੁਰੂ ਜੀ ਸਮੇਤ ਮਾਤਾ ਗੁਰਸ਼ਰਨ ਕੌਰ ਜੀ ਕਨੇਡਾ ਦੇ ਸ਼ਹਿਰ ਸਾਸਕਾਟੂਨ ਵਿਖੇ ਆਣ ਦਰਸ਼ਨ ਦਿੱਤੇ। ਬੇਸ਼ੱਕ ਇਥੇ ਕੋਈ ਵਿਸ਼ੇਸ਼ ਸਮਾਗਮ ਨਾ ਹੋਇਆ ਪ੍ਰੰਤੂ ਸ੍ਰੀ ਸਤਿਗੁਰੂ ਜੀ ਨੇ ਸਮੇਂ ਵਿੱਚੋਂ ਸਮਾਂ ਕੱਢ ਕੇ ਸਿੱਖਾਂ ਸੇਵਕਾਂ ਦੇ ਘਰਾਂ ਵਿੱਚ ਚਰਨ ਪਾ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਰੇ ਹੀ ਪਰਿਵਾਰਾਂ ਨੂੰ ਨਿੱਜੀ ਤੌਰ ਤੇ ਹਾਲ-ਚਾਲ ਪੁੱਛਿਆ ਅਤੇ ਪਿਆਰ ਦੇ ਕੇ ਨਿਵਾਜਿਆ। ਸ੍ਰੀ ਸਤਿਗੁਰੂ ਜੀ ਨੇ ਹੇਠ ਲਿਖੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ- ਸ. ਗਿਆਨ ਸਿੰਘ ਪੁੱਤਰ ਸ. ਗੁਰਦੇਵ ਸਿੰਘ ਵਰਕਸ਼ਾਪ, ਸ. ਜੱਗਾ ਸਿੰਘ ਪੁੱਤਰ ਦਵਿੰਦਰ ਸਿੰਘ, ਸ. ਗੁਰਮੀਤ ਸਿੰਘ ਮਠਾੜੂ, ਸ. ਜਸਵਿੰਦਰ ਸਿੰਘ ਏਲਨਾਬਾਦ।

ਆਪਣੇ ਸਿੱਖਾਂ ਸੇਵਕਾਂ ਦੇ ਘਰ ਪਰਿਵਾਰਾਂ ਵਿੱਚ ਚਰਨ ਪਾਉਣ ਅਤੇ ਦਰਸ਼ਨ ਦੇਣ ਉਪਰੰਤ ਸ੍ਰੀ ਸਤਿਗੁਰੂ ਜੀ ਸੜਕੀ ਰਸਤੇ ਐਡਮਿੰਟਨ ਸ਼ਹਿਰ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਰਵਾਨਾ ਹੋ ਗਏ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਸੰਤ ਬਲਦੇਵ ਸਿੰਘ ਨਹੀਂ ਰਹੇ



ਸੰਤ ਬਲਦੇਵ ਸਿੰਘ ਸੰਧੂ ਸਪੁੱਤਰ ਸਵਰਗੀ ਸੰਤ ਸੁਲੱਖਣ ਸਿੰਘ ਸੋਧੀ ਨਿਵਾਸੀ ਰਮੇਸ਼ ਨਗਰ ਨਵੀਂ ਦਿੱਲੀ, ਅਕਾਲ ਪੁਰਖ ਦੁਆਰਾ ਦਿੱਤੀ ਉਮਰ ਭੋਗ ਕੇ ਮਿਤੀ 16-6-2024 ਦਿਨ ਐਤਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ।

ਉਹਨਾਂ ਨਮਿੱਤ ਰੱਖੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਮਿਤੀ 19-6-2024 ਦਿਨ ਬੁੱਧਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਗੁਰਦੁਆਰਾ ਰਮੇਸ਼ ਨਗਰ ਨਵੀਂ ਦਿੱਲੀ ਵਿਖੇ ਪਾਇਆ ਗਿਆ। ਸੰਤ ਬਲਦੇਵ ਸਿੰਘ ਜੀ ਸਤਿਗੁਰੂ ਜੀ ਦੇ ਸਰਧਾਵਾਨ ਅਤੇ ਪਿਆਰੇ ਸਿੱਖ ਸਨ। ਆਪ ਜੀ ਨੇ ਜਦੋਂ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨੇ ਤਾਂ ਸਤਿਗੁਰੂ ਜੀ ਨੇ ਕ੍ਰਿਪਾ ਦ੍ਰਿਸ਼ਟੀ ਨਾਲ ਇਨ੍ਹਾਂ ਦੇ ਪੇਟ ਤੇ ਹੱਸਤ ਕਮਲ ਰੱਖ ਕੇ ਪਰਿਵਾਰ ਦੀ ਰਾਜ਼ੀ ਖੁਸ਼ੀ ਦਾ ਜ਼ਰੂਰ ਪੁੱਛਣਾ।

ਸੰਤ ਜੀ ਸ੍ਰੀ ਭੈਣੀ ਸਾਹਿਬ ਦਸਵੰਦ ਦੇਣ ਦੇ ਨਾਲ, ਗੈਰ ਨਾਮਧਾਰੀ ਧਰਮਸ਼ਾਲਾ ਅਤੇ ਮੰਦਿਰਾ ਵਿੱਚ ਵੀ ਬਹੁਤ ਦਾਨ ਪੁੰਨ ਕਰਦੇ ਰਹਿੰਦੇ ਸਨ ਅਤੇ ਛੋਟੇ-ਛੋਟੇ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ। ਆਪ ਜੀ ਆਪਣਾ ਕਾਰੋਬਾਰ ਬਹੁਤ ਇਮਾਨਦਾਰੀ ਨਾਲ ਕਰਦੇ ਸਨ। ਸੰਤ ਜੀ ਦੇ ਚਲਾਣੇ ਤੇ ਉਹਨਾਂ ਦੀ ਧਰਮ ਪਤਨੀ ਬੀਬੀ ਬਲਦੀਸ਼ ਕੌਰ ਨੇ ਬਹੁਤ ਸਬਰ ਰੱਖਿਆ। ਉਹ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾ ਆਪ ਰੋਏ ਅਤੇ ਨਾ ਕਿਸੇ ਨੂੰ ਰੋਣ ਦਿੱਤਾ। ਉਨ੍ਹਾਂ ਭੋਗ ਤੋਂ ਬਾਅਦ ਇਕ ਹਫਤਾ ਆਪਣੇ ਗ੍ਰਹਿ ਵਿਖੇ ਕਥਾ-ਕੀਰਤਨ ਕਰਵਾ ਕੇ ਸਾਧ ਸੰਗਤ ਨੂੰ ਲੰਗਰ ਛਕਾਇਆ।

ਸੰਤ ਜੀ ਦੇ ਦੋ ਸਪੁੱਤਰ ਹਰਮੀਤ ਸਿੰਘ ਅਤੇ ਗੁਰਮੀਤ ਸਿੰਘ ਹਨ ਅਤੇ ਸਪੁੱਤਰੀ ਬੀਬੀ ਗੁਰਪ੍ਰੀਤ ਕੌਰ ਹਨ। ਪਰਿਵਾਰ ਤੇ ਸਤਿਗੁਰੂ ਉਦੇ ਸਿੰਘ ਜੀ ਦੀਆਂ ਖੁਸ਼ੀਆਂ ਹਨ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਪਵਿੱਤਰ ਚਰਨਾਂ ਵਿੱਚ

ਅਰਦਾਸ ਕਰਦੇ ਹਾਂ ਕਿ ਸੰਤਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**ਜਥੇ. ਨਿਸ਼ਾਨ ਸਿੰਘ ਦਿੱਲੀ**

.......................................................

## ਸ. ਬਲਦੇਵ ਸਿੰਘ ਮਾਂਗਟ ਨਮਿੱਤ ਸਰਧਾਂਜਲੀ ਸਮਾਗਮ

ਸਿੱਖ ਇਤਿਹਾਸ ਨਾਮਧਾਰੀ ਸੁਤੰਤਰਤਾ ਸੰਗਰਾਮ ਅਤੇ ਨਾਮਧਾਰੀ ਧਾਰਮਿਕ ਖੇਤਰ ਵਿੱਚ ਵਿਸ਼ੇਸ਼ ਜਿਕਰਯੋਗ ਪਿੰਡ ਲੱਲ ਕਲਾਂ ਵਿਖੇ ਸ. ਬਲਦੇਵ ਸਿੰਘ ਮਾਂਗਟ ਨਮਿਤ ਸਰਧਾਂਜਲੀ ਸਮਾਗਮ 26-6-24 ਨੂੰ ਹੋਇਆ। ਜਿਸ ਵਿੱਚ ਨਾਮਧਾਰੀ ਪੰਥ ਦੇ ਪ੍ਰਸਿੱਧ ਵਿਦਵਾਨ ਕਥਾਵਾਚਕ ਸੰਤ ਨਿਸ਼ਾਨ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਮਨੁੱਖੀ ਜੀਵਨ ਦੇ ਅਸਲ ਮਨੋਰਥ ਦੱਸਦੇ ਹੋਏ, ਨਾਮ ਸਿਮਰਨ, ਗੁਰਬਾਣੀ ਸੇਵਾ ਅਤੇ ਧਾਰਮਿਕਤਾ ਦੇ ਪੱਕੇ ਧਾਰਨੀ ਹੋਣ ਬਾਰੇ ਵਿਸਥਾਰਪੂਰਵਕ ਰੂਹਾਨੀ ਗਿਆਨ, ਗੁਰਬਾਣੀ ਦੇ ਅਨੇਕਾਂ ਪ੍ਰਮਾਣ ਦੇ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਸੰਤ ਜੀ ਨੇ ਆਪਣੀ ਕਥਾ ਦੌਰਾਨ ਇਤਿਹਾਸਕ ਪਿੰਡ ਲੱਲ ਕਲਾਂ ਅਤੇ ਸ. ਬਲਦੇਵ ਸਿੰਘ ਦੇ ਪੜਦਾਦਾ ਜੀ ਦੇ ਭਰਾ ਸੰਤ ਅਤਰ ਸਿੰਘ ਜੀ ਦੇ ਨਾਮ ਸਿਮਰਨ ਪ੍ਰਾਪਤ ਕਰਨ ਦੀ ਸਾਖੀ ਸਾਂਝੀ ਕੀਤੀ ਕਿ ਇਹ ਪਰਿਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਸਿੱਖੀ ਦਾ ਧਾਰਨੀ ਹੈ। ਬਾਬਾ ਬਿਸ਼ਨ ਸਿੰਘ ਵੀ ਇਸੇ ਪਰਿਵਾਰ ਦੇ ਬਜ਼ੁਰਗ ਸਨ ਜਿਨ੍ਹਾਂ ਰਾਹੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹਰ ਸਿੱਖ ਦਿਨ ਵਿੱਚ ਬਦੋ ਵਾਰੀ ਭਾਣੇ ਦੇ ਬਚਨ ਪਰਿਵਾਰ ਵਿੱਚ ਕਰੇ ਦਾ ਹੁਕਮ ਸੰਗਤ ਨੂੰ ਦਿੱਤਾ ਸੀ।

ਪੀੜੀਆਂ ਤੋਂ ਧਰਮ ਦੇ ਧਾਂਰਨੀ ਪਰਿਵਾਰ ਬਾਰੇ ਜਾਣਕਾਰੀ ਦਿੱਤੀ ਗਈ। ਉਪਰੰਤ ਸ. ਬਲਦੇਵ ਸਿੰਘ ਮਾਂਗਟ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਸ. ਜਗਮੋਹਨ ਸਿੰਘ ਕੰਗ ਟਮਕੌਦੀ ਨੇ ਦੱਸਿਆ ਕਿ ਜਿਥੇ ਉਹ ਇਕ ਕਬੱਡੀ ਖਿਡਾਰੀ, ਉੱਨਤ ਕਿਸਾਨ, ਸਫਲ ਘੋੜੇ ਪਾਲਕ ਅਤੇ ਜਿੰਮੇਵਾਰ ਪਰਿਵਾਰਕ ਮੁੱਖੀ ਦੁਨਿਆਵੀ ਤੌਰ 'ਤੇ ਸਨ ਉਥੇ ਹੀ ਸ੍ਰੀ ਸਤਿਗੁਰੂ ਜੀ ਦੇ ਪੱਕੇ ਚਰਨ ਸੇਵਕ ਸਨ, ਜਿਨ੍ਹਾਂ ਨੇ ਪਿਛਲੇ ਲੰਮੇ ਸਮੇਂ ਤੋਂ ਆਪਣੇ ਛੋਟੇ ਭਰਾ ਸ. ਕੁਲਵੰਤ ਸਿੰਘ ਲੱਲ ਕਲਾਂ ਜੀ ਨਾਲ ਮਿਲਕੇ ਨਾਮ ਸਿਮਰਨ, ਦੀਵਾਨ ਅਤੇ ਇਤਿਹਾਸਕ ਮੇਲਿਆਂ ਉੱਪਰ ਹਾਜ਼ਰੀ ਭਰਨੀ ਆਦਿ ਧਾਰਮਿਕ ਕਾਰਜਾਂ ਅਤੇ ਸਾਧ ਸੰਗਤ ਦੀ ਸੇਵਾ ਨੂੰ ਆਪਣਾ ਨਿੱਤ ਕਰਮ ਬਣਾ ਲਿਆ ਸੀ।





ਇਸ ਸਮਾਗਮ ਵਿੱਚ ਸ੍ਰੀ ਭੈਣੀ ਸਾਹਿਬ ਅਤੇ ਇਲਾਕੇ ਭਰ ਦੀਆਂ ਸੰਗਤਾਂ ਸ਼ਾਮਿਲ ਹੋਈਆਂ। ਸੰਗਤਾਂ ਵਿੱਚ ਅਨੇਕਾਂ ਪੰਚ, ਸਰਪੰਚ, ਕਿਸਾਨ ਆਗੂ, ਰਾਜਸੀ, ਧਾਰਮਿਕ ਪ੍ਰਤੀਨਿਧ ਅਤੇ ਕਾਂਗਰਸ ਪਾਰਟੀ ਵਲੋਂ ਸ. ਰੁਪਿੰਦਰ ਸਿੰਘ ਰਾਜਾ ਗਿੱਲ ਹਲਕਾ ਇੰਚਾਰਜ ਸਮਰਾਲਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਉਹਨਾਂ ਦੇ ਸਪੁੱਤਰ ਸ. ਗੁਰਸੇਵਕ ਸਿੰਘ ਲਾਡੀ ਕਨੇਡਾ ਅਤੇ ਸਿਮਰਨਜੀਤ ਸਿੰਘ ਅਤੇ ਸਮੂਹ ਮਾਂਗਟ ਪਰਿਵਾਰ ਵਲੋਂ ਸਮੂਹ ਸੰਗਤ ਦੀ ਬਹੁਤ ਸੇਵਾ ਕੀਤੀ ਗਈ ਅਤੇ ਧਾਰਮਿਕ ਸਥਾਨਾਂ ਦੀ ਕਾਰਸੇਵਾ ਲਈ ਅਤੇ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਲਈ ਆਰਥਿਕ ਸਹਾਇਤਾ ਦਿੱਤੀ ਗਈ।

**ਜਗਮੋਹਨ ਸਿੰਘ ਕੰਗ**

.......................................................

# ਸੇਵਕੁ ਕੀਨੋ ਸਦਾ ਨਿਹਾਲੁ







Date of Publication: 6 August 2024
Date of Posting: 8 August 2024

RNI NO.55658/93
LDM/008/2021-2023





Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.